Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਫਰਵਰੀ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਵੱਲੋਂ ਭਾਈ ਘਨਈਆ ਜੀ ਦੀ ਸੇਵਾ ਨੂੰ ਕੋਟਿਨ-ਕੋਟਿ ਪ੍ਰਣਾਮ !



## ਸੇਵਕ ਕਉ ਸੇਵਾ ਬਨਿ ਆਈ ।
## ਹੁਕਮੁ ਬੂਝਿ ਪਰਮ ਪਦੁ ਪਾਈ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

## ਰੈਡਕਰਾਸ ਦੇ ਪਹਿਲੇ ਮੋਢੀ

# ਭਾਈ ਘਨਈਆ ਜੀ



**ਸੇਵਕ ਕਉ ਸੇਵਾ ਬਨਿ ਆਈ। ਹੁਕਮੁ ਬੂਝਿ ਪਰਮ ਪਦ ਪਾਈ॥**

ਭਾਈ ਘਨਈਆ ਜੀ ਦਾ ਜਨਮ ਪਿੰਡ ਸੋਧਰਾ ਨੇੜੇ ਵਜੀਰਾਬਾਦ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਸੰਨ 1648 ਈ: ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਭਾਈ ਨੱਥੂ ਰਾਮ ਸੀ ਤੇ ਉਹ ਇਕ ਅਮੀਰ ਵਪਾਰੀ ਸਨ। ਖੱਤਰੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਭਾਈ ਨੱਥੂ ਰਾਮ ਦਾ ਸੁਭਾਅ ਬੜਾ ਮਿੱਠਾ ਤੇ ਪਿਆਰਾ ਸੀ। ਆਪ ਦੇ ਦਿਲ ਵਿਚ ਗਰੀਬਾਂ ਲਈ ਬੜਾ ਆਦਰ ਸਤਿਕਾਰ ਸੀ। ਆਪ ਜੀ ਦੇ ਪਿਤਾ ਜੀ ਦਾ ਅਕਾਲ ਚਲਾਣਾ ਹੋ ਗਿਆ ਉਸ ਸਮੇਂ ਆਪ ਬਚਪਨ ਅਵਸਥਾ ਵਿਚ ਹੀ ਸਨ। ਘਰ ਦੀ ਜ਼ਿੰਮੇਵਾਰੀ ਆਪ ਦੇ ਮੋਢਿਆਂ ਉੱਤੇ ਆ ਗਈ। ਕੁਝ ਚਿਰ ਤਾਂ ਆਪ ਨੇ ਕੰਮ ਕੀਤਾ ਅਤੇ ਨਾਲ ਹੀ ਵਜੀਰਾਬਾਦ ਵਿਖੇ ਭਾਈ ਨਨੂਆ ਜੀ ਦੀ ਸੰਗਤ ਕੀਤੀ। ਭਾਈ ਨਨੂਆ ਜੀ ਗੁਰੂ ਘਰ ਦੇ ਸ਼ਰਧਾਲੂ ਸਨ, ਇਹ ਤਾਂ ਆਪ ਦਾ ਸੁਭਾਅ ਪਹਿਲਾ ਹੀ ਕੋਮਲ ਸੀ ਅਤੇ ਦੂਜੇ ਪਾਸੇ ਨਨੂਆ ਦੀ ਸੰਗਤ ਨਾਲ ਆਪ ਦੇ ਮਨ ਵਿਚ ਅਜਿਹਾ ਅਸਰ ਹੋਇਆ ਕਿ ਆਪ ਦੀ ਜੇਬ ਵਿਚ ਜਿੰਨੇ ਵੀ ਪੈਸੇ ਹੁੰਦੇ ਉਹ ਸਾਰੇ ਲੋੜਵੰਦਾਂ ਨੂੰ ਦੇ ਦਿੰਦੇ ਸਨ।

ਭਾਈ ਨਨੂਆ ਜੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਆਪ ਜੀ ਨੇ ਭਾਈ ਨਨੂਆ ਜੀ ਕੋਲੋਂ ਹੀ ਗੁਰਬਾਣੀ ਦੇ ਸ਼ਬਦ ਸੁਣੇ ਤੇ ਯਾਦ ਕਰ ਲਏ ਸਨ। ਇਸ ਤਰ੍ਹਾਂ ਆਪ ਦੇ ਮਨ ਵਿਚ ਗੁਰਸਿੱਖੀ ਦੀ ਜਾਗ ਲੱਗ ਗਈ। ਅਚਾਨਕ ਭਾਈ ਨਨੂਆ ਜੀ ਅਕਾਲ ਚਲਾਣਾ ਕਰ ਗਏ। ਆਪ ਦਾ ਮਨ ਬੜਾ ਉਦਾਸ ਹੋ ਗਿਆ। ਆਪ ਪੁੱਛਦੇ ਪੁਛਾਉਂਦੇ ਅਨੰਦਪੁਰ ਸਾਹਿਬ ਵਿਖੇ ਪੁੱਜੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਜੀ ਨੇ ਆਪ ਜੀ ਨੂੰ ਸੇਵਾ ਤੇ ਸਿਮਰਨ ਬਖਸ਼ ਦਿੱਤੇ।

ਆਪ ਅੰਨਦਪੁਰ ਸਾਹਿਬ ਵਿਖੇ ਲੰਗਰ ਵਿਚ ਜਲ ਦੀ ਸੇਵਾ ਕਰਨ ਲੱਗ ਪਏ। ਆਪ ਦਰਿਆ ਸਤਲੁਜ ਵਿੱਚੋਂ ਪਾਣੀ ਦੀਆਂ ਗਾਗਰਾਂ ਭਰਕੇ ਲਿਆਉਦੇਂ ਤੇ ਲੰਗਰ ਦੇ ਸਾਰੇ ਬਰਤਨ ਭਰ ਦਿੰਦੇ। ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਵੀ ਪਾਣੀ ਭਰਕੇ ਰੱਖਦੇ। ਆਪ ਦੋ ਸੌ ਘੜਾ ਪਾਣੀ ਦਾ ਹਰ ਸਮੇਂ ਭਰ ਕੇ ਰੱਖਦੇ ਸਨ। ਇੱਥੇ ਹਿੰਦੂ, ਸਿੱਖ, ਮੁਸਲਮਾਨ ਸਭ ਧਰਮਾਂ ਦੇ ਲੋਕ ਆ ਕੇ ਜਲ ਛਕਦੇ ਤੇ ਸੁੱਖ ਪ੍ਰਾਪਤ ਕਰਦੇ ਸਨ। ਕੁਝ ਸਮੇਂ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਗਏ ਤੇ ਉਹਨਾਂ ਦੇ ਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਉੱਤੇ ਬੈਠ ਗਏ। 4-5 ਸਾਲਾਂ ਪਿੱਛੋਂ ਜਦੋਂ ਭਾਈ ਘਨਈਆ ਜੀ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਗਏ ਤਾਂ ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ। ਅਨੰਦਪੁਰ ਸਾਹਿਬ ਵਿਖੇ ਆਪ ਲੰਗਰ ਵਿਚ ਜਲ ਦੀ ਸੇਵਾ ਕਰਨ ਲੱਗ ਪਏ ਅਤੇ ਨਾਲ ਹੀ ਸਤਿਸੰਗ ਦੀ ਹਾਜ਼ਰੀ ਭਰਦੇ ਸਨ। ਇਸ ਪ੍ਰਕਾਰ ਦਰਸ਼ਨ ਮੇਲਾ ਕਰਕੇ ਆਪ ਵਾਪਸ 'ਨਵੇ' ਪੁੱਜ ਗਏ।

ਮਨ ਵਿੱਚ ਫਿਰ ਦਰਸ਼ਨ ਦੀ ਚਾਹ ਉੱਠੀ ਤੇ ਆਪ ਅਨੰਦਪੁਰ ਸਾਹਿਬ ਆਏ। ਇਸ ਸਮੇਂ ਪਹਾੜੀ ਰਾਜਿਆਂ ਤੇ ਮੁਗ਼ਲ ਫੌਜਾਂ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਲੜਾਈ ਸ਼ੁਰੂ ਹੋ ਗਈ। ਗੁਰੂ ਸਾਹਿਬ ਜੀ ਨੇ ਆਪ ਜੀ ਦੀ ਸੇਵਾ ਫੱਟੜਾਂ ਨੂੰ ਪਾਣੀ ਪਿਲਾਉਣ ਦੀ ਲਗਾਈ। ਆਪ ਬਿਨਾਂ ਵਿਤਕਰੇ ਦੇ ਮੈਦਾਨੇ ਜੰਗ ਵਿਚ ਮੋਢੇ ਉੱਤੇ ਚਮੜੇ ਦੀ ਮਸ਼ਕ ਪਾਣੀ ਨਾਲ ਭਰ ਕੇ ਜਿਸ ਵਿਅਕਤੀ ਨੇ ਪਾਣੀ ਮੰਗਣਾ ਉਸ ਦੇ ਬੁੱਕ ਵਿਚ ਪਾਣੀ ਪਾ ਦੇਣਾ। ਇਸ ਤਰ੍ਹਾਂ ਕਰਦੇ ਹੋਏ ਆਪ ਨਾਲ ਬਾਣੀ ਦਾ ਸਿਮਰਨ ਵੀ ਕਰਦੇ ਸਨ। ਕੁਝ ਸਿੱਖਾਂ ਨੇ ਭਾਈ ਸਾਹਿਬ ਦੇ ਇਸ ਕੰਮ ਵਿਚ ਇਤਰਾਜ ਵੀ ਕੀਤਾ ਪਰ ਭਾਈ ਸਾਹਿਬ ਆਪਣੀ ਲਗਨ ਵਿਚ ਲੱਗੇ ਰਹੇ। ਅਖੀਰ ਜੱਥੇਦਾਰ ਕੁਝ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਜੀ ਕੋਲ ਗਏ ਤੇ ਬੜੀ ਅਧੀਨਗੀ ਨਾਲ ਕਹਿਣ ਲੱਗੇ 'ਸੱਚੇ ਪਾਤਸ਼ਾਹ ਗਜ਼ਬ ਹੋ ਗਿਆ' ਤੁਹਾਡੇ ਸਿੱਖ ਹੀ ਦੁਸ਼ਮਣਾਂ ਨਾਲ ਰਲ ਗਏ ਹਨ। ਗੁਰੂ ਜੀ ਨੇ ਪੁੱਛਿਆ ਕੀ ਹੋ ਗਿਆ? 'ਗੁਰੂ ਦੇ ਸਿੱਖ ਦੁਸ਼ਮਣਾਂ ਨਾਲ ਕਿਵੇਂ ਰਲ ਸਕਦੇ ਹਨ, ਇਹ ਹੋ ਹੀ ਨਹੀਂ ਸਕਦਾ।'

ਪਰ ਸਿੱਖ ਦ੍ਰਿੜ ਸਨ ਨਹੀਂ, ਮਹਾਰਾਜ ਅਸੀਂ ਆਪਣੀ ਅੱਖੀਂ ਦੇਖਿਆ ਹੈ। ਤੁਹਾਡਾ ਹੀ ਇਕ ਭਾਈ ਘਨਈਆ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ। ਅਸੀਂ ਯੁੱਧ ਵਿਚ ਜਿੱਥੇ ਦੁਸ਼ਮਣਾਂ ਨੂੰ ਜ਼ਖਮੀ ਕਰਦੇ ਹਾਂ ਉੱਥੇ ਤੁਹਾਡਾ ਸਿੱਖ ਉਨ੍ਹਾਂ ਪਾਸ ਜਾ ਕੇ ਮੁਰਦਿਆਂ ਦੇ ਮੂੰਹ ਵਿਚ ਪਾਣੀ ਪਾ ਕੇ ਸੁਰਜੀਤ ਕਰੀ ਜਾ ਰਿਹਾ ਹੈ। ਗੁਰੂ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, 'ਤੁਸੀਂ ਅਸ਼ਾਂਤ ਨਾ ਹੋਵੋ ਅਸੀਂ ਹੁਣੇ ਹੀ ਉਸਨੂੰ ਬੁਲਾ ਕੇ ਸਹੀ ਗੱਲਬਾਤ ਪੁੱਛ ਲੈਂਦੇ ਹਾਂ।' ਭਾਈ ਘਨਈਆ ਨੂੰ ਸੱਦਿਆ ਗਿਆ। ਭਾਈ ਘਨਈਆ ਮੋਢੇ ਉੱਤੇ ਮਸ਼ਕ ਰੱਖੀ ਸਤਿਨਾਮ ਵਾਹਿਗੁਰੂ ਗੁਣ ਗੁਣਾਉਂਦਾ ਹੋਇਆ ਆ ਰਿਹਾ ਸੀ। ਗੁਰੂ ਦੇ ਹਜ਼ੂਰ ਪੁੱਜ ਕੇ ਉਹਨਾਂ ਨੇ ਮੱਥਾ ਟੇਕਿਆ ਤੇ ਹੱਥ ਬੰਨ ਕੇ ਪੁੱਛਿਆ 'ਸੱਚੇ ਪਾਤਸ਼ਾਹ ਨਾਚੀਜ਼ ਨੂੰ ਸੱਦਾ ਭੇਜਿਆ ਹੈ।'

'ਹਾਂ ਭਾਈ ਤੁਹਾਡੇ ਵਿਰੁੱਧ ਸ਼ਿਕਾਇਤ ਆਈ ਹੈ' ਤੁਸੀਂ ਜੰਗ ਵਿਚ ਜਿੱਥੇ ਸਿੱਖ ਫੱਟੜਾਂ ਨੂੰ ਪਾਣੀ ਪਿਲਾਉਂਦੇ ਹੋ ਉੱਥੇ ਦੁਸ਼ਮਣਾਂ ਦੇ ਸੈਨਿਕ ਫੱਟੜਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ ਤੇ ਕੋਈ ਫਰਕ ਨਹੀਂ ਕਰਦੇ। ਗੁਰੂ ਸਾਹਿਬ ਜੀ ਨੇ ਸੁਆਲ ਕੀਤਾ। 'ਪਾਤਸ਼ਾਹ ਮੇਰੇ ਕੋਲੋਂ ਭੁੱਲ ਹੋ ਗਈ ਪਰ ਮੈਨੂੰ ਤਾਂ ਯੁੱਧ ਵਿਚ ਕੋਈ ਦੁਸ਼ਮਣ ਨਜ਼ਰ ਨਹੀਂ ਆਉਂਦਾ। ਮੈਂ ਤਾਂ ਕੇਵਲ ਪਿਆਸਿਆਂ ਤੇ ਫੱਟੜਾਂ ਦੇ ਨੂੰ ਹੀ ਪਾਣੀ ਪਿਲਾਇਆ ਹੈ। ਮੈਨੂੰ ਤਾਂ ਹਰ ਫੱਟੜ ਦੇ ਮੂੰਹ ਉੱਤੇ ਤੇਰੀ ਹੀ ਤਸਵੀਰ ਦਿਖਾਈ ਦਿੰਦੀ ਹੈ। ਪਾਣੀ ਲਈ ਖੁਲ੍ਹੀ ਹਰ ਬੁੱਕ ਵਿਚ ਤਾਂ ਮੈਨੂੰ ਤੇਰਾ ਹੀ ਪਰਛਾਵਾਂ ਦਿਖਾਈ ਦੇ ਰਿਹਾ ਹੈ। ਮੈਂ ਤਾਂ ਹਰ ਪਾਸੇ ਤੈਨੂੰ ਹੀ ਵੇਖਦਾ ਹਾਂ। ਮੈਨੂੰ ਤਾਂ ਕੋਈ ਬੇਗਾਨਾ ਦਿਖਾਈ ਨਹੀਂ ਦਿੰਦਾ। ਭਾਈ ਘਨਈਆ ਨੇ ਗੁਰੂ ਸਾਹਿਬ ਜੀ ਨੂੰ ਉੱਤਰ ਦਿੱਤਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਕਿਹਾ, ਐ ਸਿੰਘੋ ਭਾਈ ਘਨਈਆ ਜੋ ਬੋਲ ਰਿਹਾ ਹੈ ਇਹ ਇਕ ਪੂਰਨ ਸਾਧ ਬਾਣੀ ਦਾ ਚਰਿਤੱਰ ਹੈ। ਇਸ ਪੂਰਨ ਪੁਰਖ ਘਨਈਆ ਨੂੰ ਛਾਤੀ ਨਾਲ ਲਗਾਇਆ। ਭਾਈ ਸਾਹਿਬ ਦਾ ਮੱਥਾ ਚੁੰਮਿਆ ਤੇ ਗਦ-ਗਦ ਹੋ ਕੇ ਬੋਲੇ, 'ਭਾਈ ਘਨਈਆ ਤੂੰ ਸਿਖੀ ਨੂੰ ਠੀਕ ਸਮਝਿਆ ਹੈ ਤੇਰੀ ਕਮਾਈ ਧੰਨ ਹੈ ਤੇ ਤੂੰ ਸਭ ਤਾਤ ਵਿਸਾਰ ਦਿੱਤੀ ਹੈ। ਤੂੰ ਵਾਹਿਗੁਰੂ ਦਾ ਅਨਿਨ ਭਗਤ ਹੋ ਨਿਬੜਿਆ ਹੈ।' ਸਤਿਗੁਰੂ ਜੀ ਨੇ ਉਸੇ ਵੇਲੇ ਇਕ ਮਲ੍ਹਮ ਦੀ ਡੱਬੀ ਮੰਗਵਾਈ ਤੇ ਭਾਈ ਘਨਈਆ ਨੂੰ ਸੌਂਪ ਕੇ ਹੁਕਮ ਦਿੱਤਾ, ਭਾਈ ਜਿੱਥੋਂ ਤੁਸੀਂ ਫੱਟੜਾਂ ਨੂੰ ਪਾਣੀ ਪਿਲਾਉਂਦੇ ਹੋ ਉੱਥੇ ਉਨ੍ਹਾਂ ਦੇ ਜ਼ਖਮਾਂ ਤੇ ਮਲ੍ਹਮ ਵੀ ਲਗਾ ਦਿਆ ਕਰੋ।

ਮੌਜੂਦਾ ਰੈਡਕਰਾਸ ਸੰਸਥਾ ਦੀ ਸਥਾਪਨਾ ਸੰਨ 1863 ਈ: ਵਿਚ ਹੋਈ। ਪਰ ਅਸਲ ਵਿਚ ਰੈਡਕਰਾਸ ਦੇ ਸੰਸਥਾਪਕ ਭਾਈ ਘਨਈਆ ਜੀ ਹੀ ਹੋਏ ਹਨ ਜਿਨ੍ਹਾਂ ਦੇ ਨਾਲ ਇਹ ਘਟਨਾ 170 ਸਾਲ ਪਹਿਲਾਂ ਵਾਪਰੀ ਸੀ। ਭਾਈ ਘਨਈਆ ਜੀ ਦੇ ਅਕਾਲ ਚਲਾਣੇ ਦਿਨ ਭਾਵ 20 ਸਤੰਬਰ ਨੂੰ ਜੂਨੀਅਰ ਤੇ ਯੂਥ ਰੈਡਕਰਾਸ ਦੇ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਜੀ ਨੇ ਭਾਈ ਘਨਈਆ ਜੀ ਨੂੰ ਮੱਲ੍ਹਮ ਪੱਟੀ ਦੀ ਡੱਬੀ ਸੌਂਪੀ ਸੀ ਇਹ ਪਹਿਲੇ ਰੈਡਕਰਾਸ ਦੀ ਸ਼ੁਰੂਆਤ ਸੀ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
# ਜਿਉ ਕੰਚਨ ਸੋਹਾਗਾ ਢਾਲੈ ॥
# (ਪੰਨਾ ੯੩੨)
# ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
# (ਪੰਨਾ ੪੭੩)

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali, Dy. Director (Retd.)
97800-36205
S. Jagtar Singh Multani Chief Er. (Retd.) Jal.
M.: 94172-15490



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰु. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਫਰਵਰੀ - 14-3-2018 (ਬੁੱਧਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 72 | ਫਰਵਰੀ - 2018



1. ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਹੀ ਸੰਸਾਰ ਅਮਨ ਦਾ ਜ਼ਾਮਨ ਬਣ ਸਕਦਾ ਹੈ 5
2. ਸਾਕਾ ਸ੍ਰੀ ਨਨਕਾਣਾ ਸਾਹਿਬ 9
3. ਚਿੰਤਾ ਨਹੀਂ ਚੇਤਾ ਕਰ 11
4. ਮੇਰਾ ਬਚਪਨ ਤੇ ਪ੍ਰਾਇਮਰੀ ਸਕੂਲ 13
5. ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ 15
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 16
7. ਰੁੱਖ 23
8. ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫ਼ਲੇ 'ਤੇ ਕਹਿਰੀ ਹਮਲਾ 24
9. ਕਹਾਣੀ 27
10. 12ਵੀਂ ਤੋਂ ਬਾਅਦ ਕੀ ਕਰੀਏ? 32
11. ਸ਼ੋਕ ਸਮਾਚਾਰ 33
12. ਕਾਵਿ-ਕਿਆਰੀ 34
13. ਸਿਹਤ ਸੰਭਾਲ 37
14. Hockey Wizard 38
15. Martimonial 39
16. ਦਾਨੀ ਸੱਜਣਾਂ ਦੀ ਸੂਚੀ 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਹੀ ਸੰਸਾਰ ਅਮਨ ਦਾ ਜ਼ਾਮਨ ਬਣ ਸਕਦਾ ਹੈ

ਸ. ਸਰੂਪ ਸਿੰਘ ਚੰਡੀਗੜ੍ਹ



ਸੰਸਾਰ ਦੇ ਹੋਰਨਾਂ ਧਰਮਾਂ ਦਾ ਇਤਿਹਾਸਕ ਅਧਿਐਨ ਕੀਤਿਆਂ ਇਹ ਗੱਲ ਸਪੱਸ਼ਟ ਨਿਖਰ ਕੇ ਸਾਹਮਣੇ ਆ ਜਾਂਦੀ ਹੈ ਕਿ ਸੰਸਾਰ ਦੇ ਸਾਰੇ ਧਰਮ ਆਪੋ ਆਪਣੇ ਅਨੁਆਈਆਂ ਦਾ ਹੀ ਭਲਾ ਮੰਗਦੇ ਆਏ ਹਨ। ਇਸਲਾਮ ਵਿਚ ਮੋਮਨਾਂ ਦਾ ਹੀ ਭਲਾ ਮੰਗਿਆ ਜਾਂਦਾ ਹੈ। ਕਾਫ਼ਰਾਂ (ਰੱਬ ਦੇ ਹੀ ਪੈਦਾ ਕੀਤੇ ਬੰਦਿਆਂ) ਦਾ ਭਲਾ ਮੰਗਣਾ ਤਾਂ ਦੂਰ ਦੀ ਗੱਲ ਹੈ ਸਗੋਂ ਉਹਨਾਂ ਨੂੰ ਮਾਰ ਮੁਕਾਉਣ ਵਾਲੇ ਸਿੱਧੇ ਬਹਿਸ਼ਤ ਵਿਚ ਜਾਂਦੇ ਦੱਸੇ ਗਏ ਹਨ। ਹਿੰਦੂ ਧਰਮ ਤਾਂ ਹੈ ਹੀ ਮਨੁੱਖਤਾ ਅੰਦਰ ਵੰਡੀਆਂ ਪਾਉਣ ਵਾਲਾ। ਸੰਸਾਰ ਦੇ ਮਨੁੱਖਾਂ ਦਾ ਭਲਾ ਮੰਗਣਾ ਤਾਂ ਇਕ ਪਾਸੇ ਰਿਹਾ, ਇਸ ਦੇ ਨੇਤਾਵਾਂ ਨੇ ਆਪਣੀ ਹੀ ਕੌਮ ਦੀਆਂ ਵੰਡੀਆਂ ਪਾ ਰੱਖੀਆਂ ਹਨ। ਇਹ ਸ਼ੂਦਰਾਂ ਨੂੰ ਤਾਂ ਪਸ਼ੂਆਂ ਨਾਲੋਂ ਵੀ ਘਟੀਆ ਸਮਝਦੇ ਨੇ। 'ਮਲੇਛ' (ਮੁਸਲਮਾਨ) ਤੇ ਸ਼ੂਦਰ ਦੀ ਪਰਛਾਈਂ ਨਾਲ ਹੀ ਇਸ ਨੂੰ ਭਿੱਟ ਚੜ੍ਹ ਜਾਂਦੀ ਹੈ। ਈਸਾਈ ਧਰਮ ਵਿਚ ਹਜ਼ਰਤ ਈਸਾ ਉਹਨਾਂ ਹੀ ਮਨੁੱਖਾਂ ਦੇ ਪਾਪ ਕੱਟਣ ਦੀ ਸਿਫ਼ਾਰਸ਼ ਕਰਦਾ ਹੈ ਜਿਹੜੇ ਉਸ (ਹਜ਼ਰਤ ਈਸਾ) 'ਤੇ ਆਪਣਾ ਵਿਸ਼ਵਾਸ ਲਿਆਉਣ ਭਾਵ ਉਸ ਨੂੰ ਰੱਬ ਦਾ ਪੁੱਤਰ ਮੰਨਣ।

ਮੁਸਲਮਾਨ ਦੀ ਜ਼ਬਾਨ ਪ੍ਰਮਾਤਮਾ ਜਾਂ ਈਸ਼ਵਰ ਕਹਿਣ ਨਾਲ ਨਾਪਾਕ ਹੋ ਜਾਂਦੀ ਹੈ ਅਤੇ ਹਿੰਦੂ ਦੇ ਕੰਨ ਖ਼ੁਦਾ ਜਾਂ ਅੱਲਾ ਹੂ ਅਕਬਰ ਸੁਣਨ ਨਾਲ ਅਪਵਿੱਤਰ ਹੋ ਜਾਂਦੇ ਹਨ, ਨਾ ਤਾਂ ਮੁਸਲਮਾਨ ਕਿਸੇ ਵੱਖਰੇ ਖ਼ੁਦਾ ਦੀ ਉਮੱਤ ਹਨ ਅਤੇ ਨਾ ਹੀ ਹਿੰਦੂ ਕਿਸੇ ਵੱਖਰੇ ਪਰਮਾਤਮਾ ਦੀ ਕਿਰਤ ਹਨ। ਨਾ ਹੀ ਈਸਾਈ ਕਿਸੇ ਵੱਖਰੇ 'ਗਾਡ' (God) ਦੀ ਔਲਾਦ ਹਨ ਅਤੇ ਨਾ ਹੀ ਯਹੂਦੀ ਕਿਸੇ ਹੋਰ ਖ਼ੁਦਾ ਦੀ ਰਚਨਾ ਹਨ ਨਾ ਤਾਂ ਖ਼ੁਦਾ ਤੇ ਪਰਮਾਤਮਾ ਕੋਈ ਵੱਖ-ਵੱਖ ਸ਼ਕਤੀਆਂ ਹਨ ਅਤੇ ਨਾ ਹੀ ਅੱਲਾ, ਪਰਮੇਸ਼ਰ ਅਤੇ 'ਗਾਡ' ਕੋਈ ਭਿੰਨ-ਭਿੰਨ ਹਸਤੀਆਂ ਹਨ। ਸਰਬ ਨਾਵਾਂ ਨਾਲ ਰੱਬ ਤਾਂ 'ਇਕ' ਹੀ ਹੈ। ਮਨੁੱਖ ਆਪੋ ਆਪਣੀਆਂ ਬੋਲੀਆਂ ਵਿਚ ਉਸ ਇਕ ਅਕਾਲਪੁਰਖ ਦੇ ਜਿਤਨੇ ਮਰਜ਼ੀ ਨਾਂ ਪਾ ਲਵੇ ਪਰ ਉਹ ਹੈ ਤਾਂ ਇਕ ਹੀ। ਮਨੁੱਖ ਆਪਣੇ ਸਿਰਜਣਹਾਰ ਨੂੰ ਭੁਲਾ ਬੈਠਾ ਹੈ ਆਪਣੇ ਮੂਲ ਨਾਲੋਂ ਟੁੱਟ ਚੁੱਕਾ ਹੈ, ਆਪਣੇ ਅਸਲੇ ਨੂੰ ਵਿਸਾਰ ਚੁੱਕਾ ਹੈ ਅਤੇ ਆਪਣੇ ਆਦਰਸ਼ ਤੋਂ ਥਿੜਕ ਚੁੱਕਾ ਹੈ। ਇਸ ਦੀ ਹਠ-ਧਰਮੀ ਤੇ ਅਭਿਮਾਨ ਨੇ ਰੱਬ ਦੀ ਸਰਬ-ਪਿਆਰ ਦੀ ਬੋਲੀ ਨੂੰ ਭੁਲਾ ਦਿੱਤਾ ਹੈ। ਸਿੱਟੇ ਵਜੋਂ ਮਨੁੱਖ ਦੀਆਂ ਬੋਲੀਆਂ ਆਪੋ ਵਿਚ ਟਕਰਾਉਣ ਲੱਗ ਪਈਆਂ, ਇਸ਼ਟ ਆਪੋ ਵਿਚ ਲੜਨ ਲੱਗ ਪਏ, ਧਰਮ ਪੁਸਤਕਾਂ ਜਿਨ੍ਹਾਂ ਰੱਬ ਨਾਲ ਜੋੜਨਾ ਸੀ, ਉਹ ਇਕ-ਦੂਜੇ ਵਿਰੁੱਧ ਸ਼ਸਤਰਾਂ ਵਾਂਗ ਵਰਤੀਆਂ ਜਾਣ ਲੱਗ ਪਈਆਂ। ਮਨੁੱਖੀ ਸਾਂਝਾਂ ਟੁੱਟਣ ਲੱਗ ਪਈਆਂ ਅਤੇ ਬਖੇੜੇ ਵਧਣ ਲੱਗ ਪਏ। ਇਹ ਸਭ ਕੁਝ ਤਾਂ ਹੁੰਦਾ ਹੈ ਜਦ ਧਾਰਮਿਕ ਜੀਵਨ ਵਿਚ ਪਤਨ ਆ ਜਾਂਦਾ ਹੈ। ਇਸ ਨਾਲ ਸਦਾਚਾਰਕ ਜੀਵਨ ਫੀਤੇ-ਫੀਤੇ ਹੋ ਜਾਂਦਾ ਹੈ ਤੇ ਸੁਆਰਥ ਮਨੁੱਖ ਦਾ 'ਧਰਮ'



ਭਾਈ ਘਨ੍ਹਈਆ ਜੀ

ਬਣ ਜਾਂਦਾ ਹੈ।

ਧਰਮ ਸੱਚ ਦਾ ਮਾਰਗ ਹੈ। ਇਹ ਦਇਆ, ਪਿਆਰ, ਸੰਤੋਖ, ਸਹਿਨਸ਼ੀਲਤਾ ਤੇ ਨਿਰਵੈਰਤਾ ਦਾ ਪ੍ਰਤੀਕ ਹੈ। ਧਰਮ ਕਦੀ ਵੀ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ ਪਰ ਧਰਮ ਦੇ ਕੁਝ ਠੇਕੇਦਾਰਾਂ ਨੇ ਧਰਮ ਦੇ ਨਾਂ ਨੂੰ ਦਾਗ਼ਦਾਰ ਬਣਾ ਕੇ ਰੱਖ ਦਿੱਤਾ ਹੈ। ਸੰਸਾਰ ਦੇ ਧਰਮਾਂ ਦਾ ਇਤਿਹਾਸਕ ਅਧਿਐਨ ਕੀਤਿਆਂ ਇਹ ਸੱਚਾਈ ਉਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਵੱਖ-ਵੱਖ ਧਰਮਾਂ ਦੇ ਠੇਕੇਦਾਰ ਨੇ ਧਰਮ ਦੇ ਨਾਂ 'ਤੇ ਕਹਿਰਾਂ ਦੇ ਅਤਿਆਚਾਰ ਕੀਤੇ ਹਨ। ਯਹੂਦੀਆਂ ਵੱਲੋਂ ਈਸਾਈਆਂ 'ਤੇ ਜ਼ੁਲਮ, ਈਸਾਈਆਂ ਵੱਲੋਂ ਯਹੂਦੀਆਂ 'ਤੇ ਅਤਿਆਚਾਰ, ਈਸਾਈਆਂ ਤੇ ਮੁਸਲਮਾਨਾਂ ਦੀਆਂ ਲੜਾਈਆਂ, 'ਅਹਿੰਸਾ ਪਰਮੋ ਧਰਮ' ਦੇ ਅਖੌਤੀ ਠੇਕੇਦਾਰ ਹਿੰਦੂ ਧਰਮ ਦੇ ਜਨੂੰਨੀਆਂ ਵਲੋਂ ਲੱਖਾਂ ਬੋਧੀਆਂ ਦਾ ਕਤਲੇ-ਆਮ, ਮੁਸਲਮਾਨਾਂ ਵਲੋਂ ਹਿੰਦੂਆਂ 'ਤੇ ਕਹਿਰਾਂ ਦੇ ਜ਼ੁਲਮ ਤੇ ਤਸ਼ੱਦਦ, ਈਸਾਈਆਂ ਦੇ ਆਪੋ ਵਿਚ ਦੇ ਖੂਨ ਖਰਾਬੇ, ਸਿੱਖ ਧਰਮ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਲਈ ਅੱਜ ਦੀ ਫਿਰਕੂ ਕਾਂਗਰਸ ਦਾ ਦੋ ਲੱਖ ਤੋਂ ਵੱਧ ਨਿਰਦੋਸ਼ ਤੇ ਨਿਹੱਥੇ ਸਿੱਖਾਂ, ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਦਾ ਕਤਲੇਆਮ ਆਦਿਕ ਖੂਨੀ ਕਾਂਡਾਂ ਦੇ ਥੱਬੇ ਧਰਮ ਦੇ ਨਾਂ ਨੂੰ ਕਲੰਕਤ ਕਰ ਚੁੱਕੇ ਹਨ।

ਸਿੱਖ ਧਰਮ ਹੀ ਸੰਸਾਰ ਦਾ ਇਕੱਲਾ ਧਰਮ ਹੈ ਜਿਸ ਨੇ ਪਿਆਰ ਤੇ ਕੇਵਲ ਪਿਆਰ ਹੀ ਵੰਡਿਆ ਹੈ। ਅੱਧੀ ਸਦੀ ਕਹਿਰਾਂ ਦੇ ਜ਼ੁਲਮ ਤੇ ਜਬਰ ਸਹਿਣ ਮਗਰੋਂ ਜੇਤੂ ਬਣ ਕੇ ਵੀ ਆਪਣੇ ਗੁਰੂ ਦੇ ਉਪਦੇਸ਼ 'ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ" ਨੂੰ ਸਦਾ ਚੇਤੇ ਰੱਖਿਆ ਅਤੇ ਦੂਜਿਆਂ ਦੇ ਧਰਮਾਂ, ਧਰਮ-ਅਸਥਾਨਾਂ ਅਤੇ ਇਸਤਰੀਆਂ ਦਾ ਪੂਰਨ ਸਤਿਕਾਰ ਕੀਤਾ ਹੈ। ਦੂਜਿਆਂ ਦੇ ਧਰਮਾਂ ਦੇ ਹੱਕਾਂ ਦੀ ਰਾਖੀ ਲਈ ਸ਼ਹੀਦੀਆਂ ਦੇਣ ਵਾਲਾ ਵੀ ਕੇਵਲ ਤੇ ਕੇਵਲ ਸਿੱਖ ਧਰਮ ਹੀ ਹੈ। ਸਿੱਖ ਮੈਦਾਨੇ-ਜੰਗ ਵਿਚ ਵਿਰੋਧੀ ਫੱਟੜਾਂ ਨੂੰ ਨਾ ਕੇਵਲ ਪਾਣੀ ਹੀ ਪਿਲਾਉਂਦੇ ਰਹੇ ਸਗੋਂ ਜ਼ਖਮਾਂ ਤੇ ਮਰ੍ਹਮ ਪੱਟੀ ਵੀ ਕਰਦੇ ਰਹੇ ਕਿਉਂਕਿ ਦੁਖੀ ਦਾ ਦੁੱਖ ਵੰਡਾਣਾ ਸਿੱਖ ਦਾ ਮੁੱਢਲਾ ਅਸੂਲ ਹੈ।

ਜਿਹੜਾ ਮਨੁੱਖ ਰੱਬ ਦੇ ਪੈਦਾ ਕੀਤੇ ਬੰਦੇ ਨੂੰ ਨਫਰਤ ਕਰਦਾ ਹੈ, ਉਹ ਭਾਵੇਂ ਕਿਤਨੀਆਂ ਸਮਾਧੀਆਂ ਲਗਾ ਲਵੇ, ਕਿਤਨੇ ਤੀਰਥ-ਇਸ਼ਨਾਨ ਕਰ ਲਵੇ, ਮੰਦਰਾਂ, ਮਸਜਿਦਾਂ, ਗਿਰਜਿਆਂ ਤੇ ਗੁਰਦੁਆਰਿਆਂ ਦੀਆਂ ਦਹਿਲੀਜ਼ਾਂ 'ਤੇ ਨੱਕ ਰਗੜ-ਰਗੜ ਕੇ ਘਸਾ ਲਵੇ, ਉਹ ਰੱਬ ਦੀ ਖੁਸ਼ੀ ਦਾ ਪਾਤਰ ਕਦੀ ਨਹੀਂ ਬਣ ਸਕਦਾ। ਨਫ਼ਰਤ ਤੇ ਈਰਖਾ ਦੇ ਫੁਰਨੇ ਮਨੁੱਖੀ ਸਰੀਰ ਅੰਦਰ ਕਈ ਪ੍ਰਕਾਰ ਦੇ ਰੋਗ ਪੈਦਾ ਕਰਦੇ ਹਨ। ਕਾਮ, ਕ੍ਰੋਧ ਤੇ ਈਰਖਾ ਮਨੁੱਖੀ ਸਰੀਰ ਨੂੰ ਗਾਲਦੇ ਹਨ। ਚੰਗੀ ਕਰਣੀ ਅਤੇ ਅਮਲ ਮਨੁੱਖੀ ਆਚਾਰ ਦੀ ਅਸਲ ਬੋਲੀ ਹਨ ਜਿਸ ਦੀ ਮਹਿਕ ਹਰ ਇਕ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਅਮਲੀ ਸਦਾਚਾਰਕ ਜੀਵਨ ਬਿਨਾਂ ਨਿਰੇ ਪਵਿੱਤਰ ਇਰਾਦੇ ਮਨੁੱਖ ਨੂੰ ਕਿਸੇ ਬੰਨੇ ਨਹੀਂ ਲਾ ਸਕਦੇ।

ਗੁਰੂ ਨਾਨਕ ਸਾਹਿਬ ਨੇ ਹਨ੍ਹੇਰੇ ਵਿਚ ਠੋਕਰਾਂ ਖਾ ਰਹੀ ਲੋਕਾਈ ਨੂੰ ਬਾਹੋਂ ਪਕੜ ਕੇ ਸਿੱਧੇ ਰਾਹੇ ਪਾਇਆ ਅਤੇ ਸਾਰੀ ਮਨੁੱਖਤਾ ਨੂੰ ਪਿਆਰ ਦੇ ਧਾਗੇ ਵਿਚ ਪਰੋਇਆ। ਹਿੰਦੂਆਂ ਅਤੇ ਮੁਸਲਮਾਨਾਂ ਵਿਚਲੀ ਨਾ ਟੁੱਟਣ ਵਾਲੀ ਕੰਧ ਨੂੰ ਤੋੜਿਆ ਅਤੇ ਦੋਹਾਂ ਧਿਰਾਂ ਨੂੰ ਸੱਚ ਤੇ ਸਾਂਝੀਵਾਲਤਾ ਦਾ ਰਾਹ ਵਿਖਾਇਆ ਅਤੇ ਦ੍ਰਿੜ੍ਹ ਕਰਵਾਇਆ ਕਿ ਸਭ ਦੇਸ਼ਾਂ, ਸਭ ਕੌਮਾਂ, ਸਭ ਧਰਮਾਂ ਦਾ ਰੱਬ ਸਾਂਝਾ ਹੈ। ਆਪ ਜੀ ਨੇ ਮਨੁੱਖੀ ਸਮਾਨਤਾ, ਬਰਾਬਰਤਾ ਅਤੇ ਭਗਤੀ-ਭਾਵ ਤੇ ਸਿੱਖ ਧਰਮ ਦੀ ਬੁਨਿਆਦ ਰੱਖ ਕੇ ਡੰਕੇ ਦੀ ਚੋਟ ਨਾਲ ਕਿਹਾ:

**ਏਕੁ ਪਿਤਾ ਏਕਸ ਕੇ ਹਮ ਬਾਰਿਕ...॥**

**(ਪੰਨਾ ੬੧੧)**

**ਅਵਲਿ ਅਲਹ ਨੂਰੁ ਉਪਾਇਆ**

**ਕੁਦਰਤਿ ਕੇ ਸਭ ਬੰਦੇ॥**

**(ਪੰਨਾ ੧੩੪੯)**

**ਸਭੇ ਸਾਝੀਵਾਲ ਸਦਾਇਨਿ...॥**

**(ਪੰਨਾ ੯੭)**

**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**

**(ਪਾਤਸ਼ਾਹੀ ੧੦)**

ਜਦ ਸਾਰੇ ਮਨੁੱਖ ਇਕੋ ਰੱਬ ਦੀ ਰਚਨਾ ਹਨ ਤਾਂ ਸਪੱਸ਼ਟ ਹੈ ਕਿ ਜਨਮ ਕਰਕੇ ਨਾ ਕੋਈ ਚੰਗਾ ਹੈ ਅਤੇ ਨਾ ਹੀ ਮੰਦਾ। ਇਹੋ ਹੀ "ਨਾਨਕ ਉਤਮੁ ਨੀਚੁ ਨ ਕੋਇ" ਗੁਰਮਤਿ ਦਾ ਦੋ-ਟੂਕ ਫੈਸਲਾ ਹੈ। ਜੇ ਸਾਰੇ ਮਨੁੱਖ ਇਹ ਵਿਸ਼ਵਾਸ ਬਣਾ ਲੈਣ ਕਿ ਸਾਰਿਆਂ ਵਿਚ ਇਕੋ ਹੀ ਰੱਬ ਵਸਦਾ ਹੈ, ਸਾਰੇ ਇਕੋ ਜਿਹੇ ਹਨ ਅਤੇ ਗੁਰਬਾਣੀ ਦੇ "ਹਮ ਨਹੀਂ ਚੰਗੇ ਬੁਰਾ ਨਹੀਂ ਕੋਇ" ਦੇ ਸੁਨਿਹਰੀ ਅਸੂਲ ਨੂੰ ਸਾਹਮਣੇ ਰੱਖ ਕੇ ਵਿਚਰਣ ਅਤੇ "ਬੁਰਾ ਭਲਾ ਕਹੁ ਕਿਸ ਨੋ ਕਹੀਐ" ਦੇ ਧਾਰਨੀ ਬਣ ਜਾਣ ਤਾਂ ਉਹ ਕਿਸੇ ਦਾ ਬੁਰਾ ਚਿਤਵ ਹੀ ਨਹੀਂ ਸਕਦੇ। ਸਰਬੱਤ ਦਾ ਭਲਾ ਉਹੋ ਹੀ ਮੰਗ ਸਕਦਾ ਹੈ ਜੋ ਦੂਜਿਆਂ ਦਾ ਬੁਰਾ ਨਹੀਂ ਚਿਤਵਦਾ ਅਤੇ ਜਿਸ ਅੰਦਰ ਅਭਿਮਾਨ ਨਹੀਂ ਹੈ, ਹਉਮੈ ਮੈਂ ਤੇ ਮੇਰੀ ਨਹੀਂ ਹੈ। ਅਜੇਹੇ ਮਨੁੱਖ ਅੰਦਰ "ਹਮ ਤਜਿ ਭਲੋ ਸਭ ਕੋਇ" ਦੀ ਭਾਵਨਾ ਪੁੰਗਰ ਕੇ ਉਸ ਦੇ ਹੰਕਾਰ ਨੂੰ ਸਾੜ ਦਿੰਦੀ ਹੈ ਅਤੇ ਉਸ ਦੇ ਹਿਰਦੇ ਅੰਦਰ ਮਨੁੱਖੀ ਬਰਾਬਰਤਾ ਤੇ ਸਮਾਨਤਾ ਦੀ ਭਾਵਨਾ ਜਾਗ ਪੈਂਦੀ ਹੈ।

ਗੁਰਮਤਿ ਅਨੁਸਾਰ ਸਭਨਾਂ ਵਿਚ ਇਕੋ ਰੱਬੀ ਨੂਰ ਹੈ, ਸਾਰਿਆਂ ਵਿਚ ਇਕੋ ਜੋਤਿ ਪਸਰ ਰਹੀ ਹੈ। ਇਸ ਲਈ ਸਾਰੇ ਮਨੁੱਖ ਬਿਨਾਂ ਕਿਸੇ ਰੰਗ ਭੇਦ, ਨਸਲ ਭੇਦ, ਲਿੰਗ ਭੇਦ, ਜਾਤ ਭੇਦ ਦੇ ਸਾਰੇ ਭਰਾ-ਭਰਾ ਹਨ। ਸਾਰੇ ਸੰਸਾਰ ਨੂੰ ਗਲਵਕੜੀ ਵਿਚ ਲੈਣ ਦੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ, ਜਦ ਆਪਣੇ ਅੰਦਰ ਸਭ ਨੂੰ ਇਕੋ ਜਿਹਾ ਵੇਖਣ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਅਜਿਹੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ ਜੇ ਅਸੀਂ ਸਭ ਨੂੰ ਭਰਾ-ਭਰਾ ਸਮਝੀਏ। ਜਿਹੜਾ ਸਰਬੱਤ ਦਾ ਭਲਾ ਮੰਗ ਸਕਦਾ ਹੈ, ਉਸ ਦਾ ਮਨ ਅਤਿ ਵਿਸ਼ਾਲ ਬਣ ਚੁੱਕਾ ਹੁੰਦਾ ਹੈ। ਉਸ ਦੀ ਨਾ ਕਿਸੇ ਨਾਲ ਕੋਈ ਦੁਸ਼ਮਣੀ ਰਹਿ ਜਾਂਦੀ ਹੈ ਅਤੇ ਨਾ ਹੀ ਉਹ ਕਿਸੇ ਨਾਲ ਈਰਖਾ ਤੇ ਵਿਤਕਰਾ ਕਰਦਾ ਹੈ ਸਗੋਂ ਸਾਰਿਆਂ ਨਾਲ ਅਕਾਲ ਪੁਰਖ ਦੀ ਅੰਸ਼ ਸਮਝ ਕੇ ਪਿਆਰਦਾ ਹੈ, ਇਹੀ ਕਾਰਨ ਹੈ ਕਿ ਸਾਡੇ ਮਹਾਨ ਗੁਰੂ ਸਾਹਿਬਾਨ ਨੇ ਸਰਬੱਤ ਦਾ ਭਲਾ ਮੰਗਣ ਦੇ ਸੰਕਲਪ ਨੂੰ ਸਿੱਖ ਦੇ ਰੋਜ਼ ਦੇ ਜੀਵਨ ਦਾ ਆਧਾਰ ਬਣਾਇਆ। ਹਰ ਸਿੱਖ ਦੋਵੇਂ ਵੇਲੇ ਆਪਣੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦਾ ਹੈ ਤਾਂ ਜੋ ਉਸ ਦੇ ਰੋਮ-ਰੋਮ ਵਿਚ ਇਹ ਭਾਵਨਾ ਰਚ ਜਾਏ।

ਸਰਬੱਤ ਦੇ ਭਲੇ ਤੋਂ ਭਾਵ ਹੈ ਸਾਰਿਆਂ ਦਾ ਭਲਾ, ਆਪਣੇ ਅਤੇ ਪਰਾਏ ਦਾ ਭਲਾ, ਮਿੱਤਰ ਅਤੇ ਦੁਸ਼ਮਣ ਦਾ ਭਲਾ, ਅਮੀਰ ਅਤੇ ਗਰੀਬ ਦਾ ਭਲਾ, ਵਾਕਫ਼ ਅਤੇ ਨਾ ਵਾਕਫ਼ ਦਾ ਭਲਾ, ਮਨੁੱਖ ਮਾਤਰ ਦਾ ਭਲਾ ਅਤੇ ਸਭ ਜੀਵ-ਜੰਤੂਆਂ ਦਾ ਭਲਾ। ਭਲਾ ਸਰਬੱਤ ਦਾ ਮੰਗਣਾ ਅਤੇ ਮੰਗਣਾ ਵੀ ਤਨੋਂ-ਮਨੋਂ ਹੈ ਕਿਉਂਕਿ ਇਸ ਦੀ ਜ਼ਾਮਨੀ ਨਾਨਕ ਨਾਮ ਚੜ੍ਹਦੀ ਕਲਾ ਵਿਚ ਹੈ। ਇਹ ਭਲਾ ਵਿਖਾਵੇ ਮਾਤਰ ਨਹੀਂ ਮੰਗਣਾ ਸਗੋਂ ਦਿਲ ਦੀ ਅੰਤ੍ਰੀਵ ਭਾਵਨਾ ਨਾਲ, ਦਿਲ ਦੇ ਧੁਰ ਅੰਦਰੋਂ ਤੇ ਪੂਰੀ ਦਿਆਨਤਦਾਰੀ ਨਾਲ ਮੰਗਣਾ ਹੈ। ਇਹ ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ। ਮਨੁੱਖ ਦੀ ਸੁਆਰਥਕ ਰੁਚੀ ਨੂੰ ਪਰ-ਸੁਆਰਥਕ ਰੁਚੀ ਬਣਾਉਣ ਲਈ ਗੁਰਮਤਿ ਦੀ ਇਹ ਵਿਗਿਆਨਕ ਜੁਗਤੀ ਹੈ। ਇਹ ਵਿਅਕਤੀਗਤ ਮਨੁੱਖੀ ਭਲਾਈ ਨੂੰ ਸਾਰੀ ਮਨੁੱਖਤਾ ਨਾਲ ਜੋੜਨ ਦਾ ਸੁਖੈਨ ਢੰਗ ਹੈ ਕਿਉਂਕਿ ਮਨੁੱਖ ਦੀ ਭਲਾਈ ਸਾਰੇ ਜਗਤ ਦੀ ਭਲਾਈ ਵਿਚ ਹੈ। ਸਰਬੱਤ

ਦਾ ਭਲਾ ਮੰਗਣਾ ਮਨੁੱਖੀ ਸਮਾਨਤਾ ਦਾ ਸੂਚਕ ਹੈ।

ਸਰਬੱਤ ਦਾ ਭਲਾ ਮੰਗਣਾ ਸਿੱਖ ਧਰਮ ਦੀ ਆਧਾਰਸ਼ਿਲਾ ਹੈ। ਸਰਬੱਤ ਦੇ ਭਲੇ ਵਿਚ ਦੇਗ ਸਭ ਲਈ ਸਾਂਝੀ ਹੈ ਤਾਂ ਜੋ ਕੋਈ ਭੁੱਖਾ ਨਾ ਸੌਂਵੇਂ। ਤੇਗ਼ ਹੈ ਇਨਸਾਫ ਤੇ ਸੱਚਾਈ ਦੀ ਰਾਖੀ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਤਾਂ ਜੋ ਜ਼ਾਲਮ ਦੀ ਤੇਗ਼ ਕਿਸੇ ਨਿਰਦੋਸ਼ ਨੂੰ ਮਾਰਨ ਦਾ ਹੀਆ ਨਾ ਕਰ ਸਕੇ। ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਕਰਨਾ ਸਿੱਖ ਧਰਮ ਦਾ ਆਦਰਸ਼ ਹੈ। ਸਰਬੱਤ ਦਾ ਭਲਾ ਮੰਗਣਾ, ਸਰਬੱਤ ਦੀ ਸੇਵਾ ਕਰਨੀ, ਸਰਬੱਤ ਲਈ ਇਨਸਾਫ਼ ਮੰਗਣਾ, ਸਰਬੱਤ ਦੀ ਰਾਖੀ ਕਰਨੀ, ਸਰਬੱਤ ਦੇ ਕੰਮ ਆਉਣਾ, ਸਰਬੱਤ ਲਈ ਸ਼ੁਭ-ਇਛਕ ਹੋਣਾ, ਸਰਬੱਤ ਦੀ ਦੇਖ-ਭਾਲ ਕਰਨੀ ਅਤੇ ਲੋੜ ਪੈਣ 'ਤੇ ਸਰਬੱਤ ਦੇ ਹੱਕਾਂ ਦੀ ਰਾਖੀ ਲਈ ਜੂਝ ਮਰਨਾ ਸਿੱਖ ਦਾ ਮੁੱਖ ਧਾਰਮਿਕ ਫ਼ਰਜ਼ ਹੈ। ਝੂਠ ਵਿਰੁੱਧ ਅੜਨਾ ਅਤੇ ਜ਼ੁਲਮ ਵਿਰੁੱਧ ਲੜਨਾ ਸਿੱਖ ਦਾ ਇਤਿਹਾਸਕ ਵਿਰਸਾ ਹੈ। ਸਿੱਖ ਦੇ ਵਿਧਾਨ ਵਿਚ ਜਿੱਥੇ ਜ਼ੁਲਮ ਕਰਨਾ ਪਾਪ ਹੈ, ਉਥੇ ਜ਼ੁਲਮ ਸਹਿਣਾ ਵੀ ਪਾਪ ਹੈ। ਨਾ ਕਿਸੇ ਤੇ ਜ਼ੁਲਮ ਕਰਨਾ ਹੈ ਅਤੇ ਨਾ ਹੀ ਕਿਸੇ ਦੇ ਜ਼ੁਲਮ ਅੱਗੇ ਭੇਡਾਂ ਬੱਕਰੀਆਂ ਬਣਨਾ ਹੈ। ਨਾ ਕਿਸੇ ਨੂੰ ਡਰਾਣਾ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ।

ਦੂਜਿਆਂ ਲਈ ਜਿਊਣਾ-ਮਰਨਾ ਹੀ ਅਸਲੀ ਜੀਵਨ ਹੈ, ਅਸਲੀ ਮਨੁੱਖ ਹੋਣਾ ਹੈ ਅਤੇ ਬ੍ਰਹਿਮੰਡ ਦੀ ਨਿਯਮਾਵਲੀ ਦਾ ਅਨੁਸਾਰੀ ਹੋਣਾ ਹੈ। ਕੁਦਰਤ ਦੀ ਹਰ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਸ਼ੈ ਕਿਸੇ ਨਾ ਕਿਸੇ ਰੂਪ ਵਿਚ ਕਾਦਰ ਦੇ ਨਿਯਮ ਅਨੁਸਾਰ ਸਾਰੀ ਕੁਦਰਤ ਦੀ ਹੋਂਦ ਨੂੰ ਚਲਦੇ ਰੱਖਣ ਵਿਚ ਆਪਣਾ ਯੋਗਦਾਨ ਪਾ ਰਹੀ ਹੈ। ਫੁੱਲ ਖਿੜਦਾ ਹੈ ਦੂਜਿਆਂ ਨੂੰ ਖੇੜਾ ਦੇਣ ਲਈ, ਮਹਿਕ ਦੇਣ ਲਈ ਅਤੇ ਖੁਸ਼ੀ ਦੇਣ ਲਈ। ਇਸ ਸਾਰੇ ਬ੍ਰਹਿਮੰਡ ਵਿਚ ਇਕ ਵੀ ਅਜੇਹੀ ਸ਼ੈ ਨਹੀਂ, ਜਿਹੜੀ ਦੂਜਿਆਂ ਨੂੰ ਜਿੰਦਾ ਰੱਖਣ ਵਿਚ ਸਹਾਇਕ ਨਾ ਹੋ ਰਹੀ ਹੋਵੇ। ਜ਼ਮੀਨ ਅੰਦਰ ਵੱਸਦੇ ਵਰਮ ਵੀ ਜ਼ਮੀਨ ਨੂੰ ਜ਼ਰਖੇਜ਼ ਬਣਾਉਣ ਵਿਚ ਜੁਟੇ ਰਹਿੰਦੇ ਹਨ।

ਨਿਰਾ ਆਪਣੇ ਹੀ ਸੁਆਰਥ ਲਈ ਜਿਊਣਾ ਨੀਵਾਂਪਣ ਹੈ। ਇਹ ਕਾਦਰ ਦੀ ਕੁਦਰਤ ਦੇ ਨਿਯਮ ਦੇ ਉਲਟ ਹੈ। ਆਤਮਕ ਮੌਤ ਹੈ। ਆਪ ਜੀਵੋ ਤੇ ਹੋਰਨਾਂ ਨੂੰ ਜੀਣ ਵਿਚ ਸਹਾਇਕ ਬਣੋ। ਦੁਖੀਆਂ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਹੀ ਅਸਲੀ ਮਨੁੱਖੀ ਜੀਵਨ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਸੰਤਾਨ, ਆਪਣੇ ਖਾਨਦਾਨ ਜਾਂ ਪਰਿਵਾਰ ਸੰਬੰਧੀ ਕਦੀ ਨਹੀਂ ਸੀ ਸੋਚਿਆ, ਉਨ੍ਹਾਂ ਨੇ ਤਾਂ ਸਾਰੀ ਮਨੁੱਖਤਾ ਨੂੰ ਮਾਨਸਿਕ ਪੀੜਾਂ ਤੋਂ ਬਚਣ ਦਾ ਰਾਹ ਵਿਖਾਇਆ ਸੀ। ਦੂਜਿਆਂ ਦੇ ਸੁਖਾਂ ਲਈ ਆਪਣੇ ਸੁਖ ਤਿਆਗਣ ਵਿਚ ਇਕ ਅਲੌਕਿਕ ਸੁਆਦ ਹੈ, ਖੇੜਾ ਹੈ, ਖੁਸ਼ੀ ਹੈ, ਸੰਤੁਸ਼ਟਤਾ ਹੈ, ਅਨੰਦ ਹੈ ਅਤੇ ਮਹਾਨਤਾ ਹੈ, ਮਨੁੱਖ ਦੀ ਵਡਿਆਈ ਦੂਜਿਆਂ ਦੀ ਲੁੱਟ-ਖੋਹ ਕਰਕੇ ਆਪ ਦੇ ਸੁਖ ਵਿਚ ਵਾਧਾ ਕਰ ਲੈਣ ਵਿਚ ਨਹੀਂ ਹੈ ਸਗੋਂ ਅਸਲੀ ਸੁਖ ਤੇ ਮਹਾਨਤਾ ਦੂਜਿਆਂ ਨੂੰ ਕੁਝ ਦੇਣ ਵਿਚ ਹੈ। ਜਿਸ ਮਨੁੱਖ ਅੰਦਰ ਬੇਸਬਰੀ ਦੀ ਥਾਂ ਸੰਤੋਖ, ਅਭਿਮਾਨ ਦੀ ਥਾਂ ਨਿਮਰਤਾ ਅਤੇ ਬਦਲੇ ਦੀ ਥਾਂ ਪਿਆਰ ਦੀ ਭਾਵਨਾ ਜਾਗ ਪਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਮਨੁੱਖ ਕਾਦਰ ਦੀ ਕੁਦਰਤ ਦੀ ਨਿਯਮਾਵਲੀ ਵਿਚ ਵਿਚਰ ਰਿਹਾ ਹੈ ਅਤੇ ਕਾਦਰ ਦਾ ਅਨੁਭਵੀ ਬਣ ਚੁੱਕਾ ਹੈ।

ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਦੁਨੀਆਂ ਅੱਜ ਜੰਗਲੀ ਤੇ ਵਹਿਸ਼ੀ ਦਰਿੰਦਿਆਂ ਦਾ ਅਖਾੜਾ ਬਣ ਚੁੱਕੀ ਹੈ। ਅਗਿਆਨਤਾ ਤੇ ਨਿਰਾਸ਼ਾ ਦੇ ਹਨ੍ਹੇਰੇ ਖੂਹ ਵਿਚ ਮੂਧੀ ਪਈ ਮਨੁੱਖਤਾ ਅੱਜ ਹੰਕਾਰ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਹੈ। ਈਰਖਾ ਤੇ ਸਾੜੇ ਦੀ ਅੱਗ ਨਾਲ ਅੱਜ ਦੇ ਮਨੁੱਖਾਂ ਦੇ ਮਨ ਤੰਦੂਰ ਵਾਂਗ ਤਪ ਰਹੇ ਹਨ। ਅੱਜ ਦਾ ਮਨੁੱਖ ਆਪਣਾ ਮਾਨਸਿਕ ਤਵਾਜ਼ਨ ਗਵਾ ਬੈਠਾ ਹੈ। ਵਿਗਿਆਨੀ ਜਿੱਥੇ ਪਦਾਰਥ ਤੇ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਰਾਤ-ਦਿਨ ਦੇ ਸਿਰਤੋੜ ਯਤਨਾਂ ਨਾਲ ਖੋਜਾਂ ਕਰ ਰਹੇ ਹਨ, ਉਥੇ ਆਤਮਕ ਬਲ ਜਾਂ ਰੱਬੀ ਨੂਰ ਜਿਸ ਨਾਲ ਸਾਰਾ ਸਰੀਰ ਚੱਲਦਾ ਹੈ, ਦੀ ਖੋਜ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਮਨੁੱਖ ਨੇ ਲੁਕਵੀਆਂ ਆਤਮਕ ਤਾਕਤਾਂ ਨੂੰ ਭਾਲਣਾ ਹੀ ਛੱਡ ਦਿੱਤਾ ਹੈ।

ਅੱਜ ਸਾਰੀ ਦੁਨੀਆਂ ਦੇ ਦੇਸ਼ ਸਿਰੇ ਦੇ ਡਾਕਟਰ, ਸਿਰੇ ਦੇ ਇੰਜੀਨੀਅਰ ਅਤੇ ਸਿਰੇ ਦੇ ਸਾਇੰਸ-ਵੇਤਾ ਪੈਦਾ ਕਰਨ ਵਿਚ ਆਪਣਾ ਸਾਰਾ ਜ਼ੋਰ ਲਾ ਰਹੇ ਹਨ ਪਰ ਆਦਰਸ਼ਕ ਮਨੁੱਖ, ਆਦਰਸ਼ਕ ਧੀ-ਪੁੱਤਰ ਪੈਦਾ ਕਰਨ ਦੀ ਲੋੜ ਵੱਲ ਧਿਆਨ ਹੀ ਨਹੀਂ ਦੇ ਰਹੇ। ਇਸ ਮਸਲੇ ਦੀ ਨਜ਼ਾਕਤ ਨੂੰ ਸਾਹਮਣੇ ਰੱਖਦਿਆਂ ਕੌਮਾਂਤਰੀ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਸੰਸਾਰ ਦੇ ਸਾਰੇ ਮੁਲਕਾਂ ਨੂੰ ਮਨੁੱਖੀ ਮਨ ਦੇ ਸੰਤੁਲਨ ਨੂੰ ਬਹਾਲ ਕਰਨ ਲਈ ਥਾਂ-ਥਾਂ ਮਰਕਜ਼ ਖੋਲ੍ਹਣ ਦੀ ਪ੍ਰੇਰਨਾ ਦੇਣ।

ਅੱਜ ਦੇ ਮਨੁੱਖ ਦੀਆਂ ਸਭ ਉਲਝਣਾਂ ਤੇ ਸਮੱਸਿਆਵਾਂ ਦਾ ਹੱਲ ਗੁਰਮਤਿ ਜੀਵਨ-ਜਾਚ ਵਿਚ ਹੈ। ਪਦਾਰਥਵਾਦੀ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਮਨੁੱਖਤਾ ਸਾਹਮਣੇ ਹੋਰ ਕੋਈ ਰਾਹ ਹੈ ਹੀ ਨਹੀਂ। ਸਭ ਭੁੱਲਾਂ, ਪਾਪਾਂ ਤੇ ਗੁਨਾਹਾਂ ਦਾ ਮੂਲ ਕਾਰਨ ਖੁਦਗਰਜ਼ੀ ਹੈ ਜਿਹੜੀ ਕਿ ਜਹਾਲਤ ਤੇ ਅਗਿਆਨਤਾ ਤੋਂ ਪੈਦਾ ਹੁੰਦੀ ਹੈ। ਅੱਜ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸੁਆਰਥ ਦਾ ਬੋਲਬਾਲਾ ਹੈ। ਹਰ ਕੋਈ ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਭਟਕ ਰਿਹਾ ਹੈ। ਗੁਰਮਤਿ ਜੀਵਨ ਜਾਚ ਹੀ ਅੱਜ ਦੇ ਮਨੁੱਖ ਦੇ ਮਨ ਦੀ ਭਟਕਣਾ ਦੂਰ ਕਰਕੇ ਮਨ ਦਾ ਸੰਤੁਲਨ ਕਾਇਮ ਕਰ ਸਕਦੀ ਹੈ, ਮਨ ਦੇ ਸੰਤੁਲਨ ਲਈ ਗੁਰਮਤਿ ਦੇ ਮਾਰਗ ਦਾ ਰਾਹੀ ਬਣਨਾ ਪਏਗਾ ਅਤੇ ਗੁਰਮਤਿ ਜੀਵਨ ਜਾਂਚ ਦਾ ਧਾਰਨੀ ਬਣਨਾ ਪਏਗਾ। ਮਨੁੱਖ ਦੇ ਮਨ ਦੀ ਘਾੜਤ ਨੂੰ ਗੁਰਮਤਿ ਚਿੰਤਨ ਮੁਤਾਬਕ ਸ਼ਬਦ, ਸਿਮਰਨ ਤੇ ਸੇਵਾ ਅਤੇ ਸ਼ਬਦ-ਬੋਧ ਦੀ ਕਮਾਈ ਦੀ ਟਕਸਾਲ ਵਿਚ ਘੜਨਾ ਪਏਗਾ ਤਾਂ ਹੀ ਮਨ ਦੇ ਸੰਤੁਲਨ ਕਾਇਮ ਹੋਣਾ ਹੈ। ਇਹ ਸੰਤੁਲਨ ਹੀ ਗੁਰਮਤਿ ਦਾ ਸਹਿਜ ਮਾਰਗ ਹੈ। ਇਹ ਸਹਿਜ ਮਾਰਗ ਹੀ ਸਿੱਖ ਦਾ ਜੀਵਨ ਆਦਰਸ਼ ਹੈ ਜਿਹੜਾ ਕਿ ਅਧਿਆਤਮਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦਾ ਸੁਮੇਲ ਹੈ।

ਸਹਿਜ ਮਾਰਗ ਮੱਧ ਦਾ ਮਾਰਗ ਹੈ, ਵਿਚਲਾ ਰਾਹ ਹੈ, ਪ੍ਰਵਿਰਤੀ ਤੇ ਨਿਰਵਿਰਤੀ ਦਾ ਸਮਤੋਲ ਹੈ। ਸੰਸਾਰਕਤਾ ਅਤੇ ਅਧਿਆਤਮਕਤਾ ਦਾ ਸੰਜੋਗ ਹੈ। ਇਹ ਸਿਧਾਂਤ ਅਤੇ ਅਮਲ ਦਾ ਸੁਮੇਲ ਹੈ, ਅੰਦਰਲੀ ਅਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਵਿਗਿਆਨਕ ਜੀਵਨ ਜੁਗਤੀ ਹੈ, ਆਤਮਾ ਅਤੇ ਸਰੀਰ ਦਾ ਸਾਂਵਾਂ-ਪਨ ਹੈ, ਰਾਜ ਅਤੇ ਜੋਗ ਦਾ ਸਾਂਵਾਂ ਤਾਲਮੇਲ ਹੈ ਅਤੇ 'ਘਰ ਹੀ ਮਾਹਿ ਉਦਾਸ' ਤੇ 'ਅੰਜਨ ਮਾਹਿ ਨਿਰੰਜਨਿ' ਹੋ ਕੇ ਵਿਚਰਨ ਦਾ ਨਿਰਾਲਾ ਮਾਰਗ ਹੈ। ਸੰਗਤ ਤੇ ਪੰਗਤ, ਮੀਰੀ ਤੇ ਪੀਰੀ, ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਦਾ ਕਮਾਲ ਦਾ ਸੁਮੇਲ ਹੈ। ਇਹਨਾਂ ਵਿਚਕਾਰ ਭਿੰਨਤਾ ਹੈ ਪਰ ਵਿਭਿੰਨਤਾ (Difference) ਨਹੀਂ ਹੈ ਸਗੋਂ ਇਹ ਸਾਰੇ ਇਕ-ਦੂਜੇ ਦੇ ਪੂਰਕ ਹਨ। ਦਰਿਆ ਦੇ ਦੋ ਸਾਂਵੇਂ ਕੰਢਿਆਂ ਵਿਚਕਾਰ ਅਡੋਲ ਚੱਲ ਰਹੇ ਪਾਣੀ ਦੇ ਪ੍ਰਵਾਹ ਵਾਂਗੂਰ ਇਹਨਾਂ ਵਿਚਕਾਰ ਜੀਵਨ ਬਿਨਾਂ ਕਿਸੇ ਉਲਾਰ ਦੇ ਚੱਲਦੀ ਹੈ। ਦੁਖ-ਸੁਖ, ਖੁਸ਼ੀ-ਗਮੀ, ਅਮੀਰੀ-ਗਰੀਬੀ, ਨਫ਼ੇ-ਨੁਕਸਾਨ, ਮਾਨ-ਅਪਮਾਨ ਦੀ ਦਸ਼ਾ ਵਿਚ ਕਿਸੇ ਇਕ ਪਾਸੇ ਉਲਾਰ ਨਾ ਹੋਣਾ ਅਤੇ ਸਾਂਵਾਂ-ਪਧਰਾ ਰਹਿਣਾ ਹੀ ਸਹਿਜ ਮਾਰਗ ਹੈ।

ਇਹ ਰਾਹ ਹੈ ਤਾਂ ਕਠਿਨ ਪਰ ਹੈ ਇਹ ਕੁਦਰਤ ਦੀ ਨਿਯਮਾਵਲੀ ਵਾਲਾ ਰਾਹ ਅਤੇ ਇਹ ਹੈ ਵੀ ਪਰਮ-ਸੱਤਾ ਨਾਲ ਇਕਮਿਕ ਹੋ ਜਾਣ ਦਾ ਰਾਹ। ਇਸੇ ਮਾਰਗ ਦਾ ਰਾਹੀ ਸਰਬੱਤ ਦਾ ਭਲਾ ਮੰਗਦਾ ਹੈ। ਜਲ ਵਿਚ ਕਮਲ ਦੀ ਤਰ੍ਹਾਂ ਰਹਿਣਾ ਹੀ ਗੁਰਮਤਿ ਦੀ ਸਹਿਜ ਦੀ ਜੀਵਨ-ਜਾਚ ਹੈ। ਕਮਲ ਫੁੱਲ ਚਿੱਕੜ

ਵਿਚ ਪੈਦਾ ਹੋ ਕੇ, ਚਿੱਕੜ ਵਿਚ ਰਹਿ ਕੇ, ਚਿੱਕੜ ਤੋਂ ਉਪਰ ਉੱਠ ਕੇ, ਸੂਰਜ ਦੀਆਂ ਕਿਰਨਾਂ ਵਿਚ ਲੀਨ ਹੋ ਕੇ, ਕੋਮਲ ਬਣ ਕੇ, ਮਹਿਕ ਕੇ, ਖਿੜ ਕੇ ਦੂਜਿਆਂ ਨੂੰ ਖੇੜਾ ਦਿੰਦਾ ਹੈ। ਸਹਿਜ ਦੀ ਅਵਸਥਾ 'ਪ੍ਰਭ ਕੀ ਆਗਿਆ ਆਤਮ ਹਿਤਾਵੈ' ਦੀ ਦਸ਼ਾ ਹੈ, 'ਹੁਕਮਿ ਰਜਾਈਂ ਚਲਣਾ' ਦੀ ਅਵਸਥਾ ਅਤੇ 'ਗੋਬਿੰਦ ਸਿਉਂ ਲੀਨ' ਹੋਣ ਦੀ ਦਸ਼ਾ ਹੈ। ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਵਿਚ ਧਰਮੀ ਹੋਣਾ ਸੁਖਾਲਾ ਹੈ ਪਰ ਦੁਨਿਆਵੀ ਕਾਰ-ਵਿਹਾਰ ਦੇ ਝੰਮੇਲਿਆਂ ਵਿਚ ਧਰਮੀ ਰਹਿ ਸਕਣਾ ਡਾਢਾ ਔਖਾ ਹੈ। ਗੁਰਮਤਿ ਜੀਵਨ-ਜਾਚ ਦਾ ਧਾਰਨੀ ਕਿਰਤ ਕਰਦਿਆਂ, ਕਾਰ-ਵਿਹਾਰ ਕਰਦਿਆਂ, ਰੋਜ਼ੀ ਕਮਾਉਂਦਿਆਂ, ਮਾਇਆ ਵਿਚ ਵਿਚਰਦਿਆਂ ਹੋਇਆਂ ਵੀ ਕਮਲ ਫੁੱਲ ਵਾਂਗ ਮਾਇਆ ਦੇ ਚਿੱਕੜ ਵਿਚ ਖਚਿਤ ਨਾ ਹੋ ਕੇ ਧਰਮੀ ਬਣ ਸਕਦਾ ਹੈ। ਮਨੁੱਖ ਦੇ ਆਤਮਕ ਜੀਵਨ ਦੀ ਨਾਜ਼ਕ ਰਫ਼ਤਾਰ ਨੂੰ ਇਕਸੁਰ ਤੇ ਇਕਸਾਰ ਰੱਖਣ ਲਈ ਦੁਨਿਆਵੀ ਜ਼ਿੰਮੇਵਾਰੀਆਂ, ਕਾਰ-ਵਿਹਾਰ ਦੇ ਝੰਮੇਲਿਆਂ ਅਤੇ ਔਕੜਾਂ-ਕਠਨਾਈਆਂ ਦਾ ਹੋਣਾ ਕੁਦਰਤ ਦਾ ਨਿਯਮ ਹੈ। ਨਿਰੀ ਪ੍ਰਵਿਰਤੀ ਜਾਂ ਨਿਰੀ ਨਿਰਵਿਰਤੀ ਦੋਵੇਂ ਹਾਠਾਂ ਹਨ, ਅਤਿਵਾਦੀ ਹਨ, ਹੱਦਾਂ ਬੰਨੇ ਟੱਪਣ ਵਾਲੀਆਂ ਇਕ-ਪਾਸੜ ਬਿਰਤੀਆਂ ਹਨ। ਗੁਰਮਤਿ ਦਾ ਫੈਸਲਾ ਸਪੱਸ਼ਟ ਹੈ :

**ਪਰਵਿਰਤਿ ਨਿਰਵਿਰਤਿ ਹਾਠਾ ਦੋਵੈ**
**ਵਿਚਿ ਧਰਮੁ ਫਿਰੈ ਰੈਬਾਰਿਆ॥**

(ਪੰਨਾ ੧੨੮੦)

ਸਰਬੱਤ ਦਾ ਭਲਾ ਉਹ ਹੀ ਮੰਗ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਕਾਦਰ ਦੀ ਕੁਦਰਤ ਨਾਲ ਇਕਮਿਕ ਕਰ ਲੈਂਦਾ ਹੈ ਅਤੇ ਆਪਣੇ ਆਪ ਨੂੰ ਰੱਬ ਦੀ ਰੱਬਤਾ ਨਾਲ ਜੋੜ ਲੈਂਦਾ ਹੈ। ਰੱਬਤਾ ਨਾਲ ਜੋੜ ਲੈਣ ਤੋਂ ਭਾਵ ਸਭ ਨੂੰ ਰੱਬ ਦੀ ਕਿਰਤ ਮੰਨ ਕੇ ਸਭਨਾਂ ਨੂੰ ਪਿਆਰ ਕਰਨਾ ਹੈ। ਅਜੇਹਾ ਗੁਰਮੁਖ 'ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ" ਦੀ ਗੁਰਮਤਿ ਸੋਚ ਨਾਲ ਸਭਨਾਂ ਵਿਚ ਇੱਕੋ ਪ੍ਰਭੂ ਵੱਸਦਾ ਵੇਖ ਕੇ ਪ੍ਰਸੰਨ ਹੁੰਦਾ ਹੈ ਅਤੇ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਦਾ ਧਾਰਨੀ ਬਣ ਕੇ ਸਭ ਨੂੰ ਪਿਆਰ ਕਰਦਾ ਹੈ ਅਤੇ ਇਸ ਤਰ੍ਹਾਂ ਸੰਸਾਰ ਵਿਚ ਵਿਸਮਾਦੀ ਲਹਿਰਾਂ ਪੈਦਾ ਕਰਦਾ ਰਹਿੰਦਾ ਹੈ ਜਿਹੜੀਆਂ ਸਾਰੀ ਮਨੁੱਖਤਾ ਅੰਦਰ ਪਿਆਰ ਦੀ ਭਾਵਨਾ ਪੈਦਾ ਕਰਦੀਆਂ ਹਨ।

ਜੀਵਨ ਵਿਚ ਸਾਡਾ ਜਿਸ ਨਾਲ ਵਾਹ ਪੈਂਦਾ ਹੈ, ਜੇ ਹਰੇਕ ਵਾਸਤੇ ਸਾਡੇ ਹਿਰਦੇ ਅੰਦਰ ਪਿਆਰ ਦੀ ਭਾਵਨਾ ਪੈਦਾ ਹੋਵੇ ਤਾਂ ਪਿਆਰ ਭਾਵਨਾਵਾਂ ਦੀ ਇਹ ਰੌ, ਉਹਨਾਂ ਦੇ ਹਿਰਦਿਆਂ ਨਾਲ ਠੋਕਰਾਂ ਖਾ ਕੇ ਸਾਡੇ ਲਈ ਦੁਗਣੀਆਂ ਪਿਆਰ ਲਹਿਰਾਂ ਪੈਦਾ ਕਰੇਗੀ ਜਿਹੜੀਆਂ ਮੁੜ ਕੇ ਸਾਡੇ ਹਿਰਦੇ ਵਿਚ ਅਪੜ ਕੇ ਸਾਨੂੰ ਖੀਵਾ ਕਰਨਗੀਆਂ। ਮਨੁੱਖ ਤਾਂ ਕਿਤੇ ਰਹੇ, ਪਸ਼ੂਆਂ 'ਤੇ ਵੀ ਮਨੁੱਖ ਅੰਦਰੋਂ ਉਠੀਆਂ ਭਾਵਨਾਵਾਂ ਦਾ ਅਸਰ ਪੈਂਦਾ ਹੈ। ਪਸ਼ੂ ਵੱਲ ਰਤਾ ਪਿਆਰ ਦੀ ਨਜ਼ਰ ਨਾਲ ਤੱਕੋ ਤਾਂ ਅੱਗੋਂ ਉਹ ਸ਼ੁਕਰਾਨੇ ਵਜੋਂ ਆਪਣੀ ਪੂਛ ਹਿਲਾ ਕੇ ਪ੍ਰਸੰਨਤਾ ਜ਼ਾਹਰ ਕਰਦਾ ਹੈ। ਨਿੱਕੇ-ਨਿੱਕੇ ਕੱਟੇ-ਕੱਟੀਆਂ ਤੇ ਵੱਛੇ-ਵੱਛੀਆਂ ਤਾਂ ਪਿਆਰ ਦੇ ਪ੍ਰਭਾਵ ਹੇਠ ਨੱਚਣ-ਟੱਪਣ ਲੱਗ ਪੈਂਦੇ ਹਨ। ਪਿਆਰ ਜੀਵਨ ਦੇ ਗੁੱਝੇ ਭੇਤਾਂ ਦੀ ਕੁੰਜੀ ਹੈ। ਪਿਆਰ ਹੀ ਸਾਰੇ ਜਗਤ ਦਾ ਤੋਰਾ ਤੋਰ ਰਿਹਾ ਹੈ। ਗੁਰਮਤਿ ਦੇ ਫੈਸਲੇ ਮੁਤਾਬਕ ਪ੍ਰੇਮ ਬਿਨਾਂ ਪ੍ਰਭੂ ਨੂੰ ਨਹੀਂ ਪਾਇਆ ਜਾ ਸਕਦਾ :

**ਸਾਚੁ ਕਹੋਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

(ਪਾਤਸ਼ਾਹੀ ੧੦)

ਸਰਬ-ਪਿਆਰ ਦੇ ਖ਼ਿਆਲ ਹਿਰਦੇ ਅੰਦਰ ਪੈਦਾ ਕਰਨ ਦੀ ਦੇਰ ਹੈ ਕਿ ਸਭਨਾਂ ਪਾਸਿਆਂ ਤੋਂ ਪਿਆਰ ਦੀਆਂ ਲਹਿਰਾਂ ਹੀ ਆਉਣੀਆਂ ਸ਼ੁਰੂ ਹੋ ਜਾਣਗੀਆਂ। ਜੇ ਕੋਈ ਈਰਖਾ ਤੇ ਨਫਰਤ ਦੀਆਂ ਲਹਿਰਾਂ ਪੈਦਾ ਕਰੇਗਾ ਤਾਂ ਉਸ ਵੱਲ ਚਾਰ-ਚੁਫੇਰਿਉਂ ਨਫ਼ਰਤ ਦੀਆਂ ਲਹਿਰਾਂ ਆ ਕੇ ਉਸ ਦੇ ਹਿਰਦੇ ਨਾਲ ਟਕਰਾਉਣਗੀਆਂ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਅਸੀਂ ਰੋਜ਼ ਵੇਖਦੇ ਹਾਂ। ਕਿਸੇ ਰੇਡੀਓ-ਸਟੇਸ਼ਨ ਤੋਂ ਚਲਾਈ ਲਹਿਰ (Wave-Current) ਸਾਡੇ ਘਰਾਂ ਦੇ ਰੇਡੀਓ ਵਿਚ ਤਾਂ ਹੀ ਆਉਂਦੀ ਹੈ, ਜਦੋਂ ਅਸੀਂ ਆਪਣੇ ਰੇਡੀਓ ਦੀ ਸੂਈ ਉਸ ਸੇਧ ਵਿਚ ਕਰਦੇ ਹਾਂ ਜਿਸ ਸੇਧ ਵਿਚ ਸਟੇਸ਼ਨ ਤੋਂ ਲਹਿਰ ਚੱਲ ਰਹੀ ਹੁੰਦੀ ਹੈ।

ਜਦੋਂ ਅਸੀਂ ਕਿਸੇ ਵਿਰੁੱਧ ਨਫ਼ਰਤ ਦਾ ਖ਼ਿਆਲ ਆਪਣੇ ਮਨ ਵਿਚ ਲਿਆਉਂਦੇ ਹਾਂ ਤਾਂ ਇਸ ਖ਼ਿਆਲ ਦੀਆਂ ਠੋਕਰਾਂ ਆਕਾਸ਼ ਵਿਚ ਵੱਜ ਕੇ ਉਸ ਹਿਰਦੇ 'ਤੇ ਜਾ ਵੱਜਣਗੀਆਂ, ਜਿਸ ਵਿਰੁੱਧ ਸਾਡੇ ਅੰਦਰ ਨਫ਼ਰਤ ਪੈਦਾ ਹੋਈ ਸੀ। ਉਸ ਹਿਰਦੇ ਵਿਚੋਂ ਇਹ ਨਫ਼ਰਤ ਦੀਆਂ ਠੋਕਰਾਂ ਪੈਦਾ ਕਰਕੇ ਦੁੱਗਣੀਆਂ ਮੁੜ ਸਾਡੇ ਕੋਲ ਵਾਪਸ ਆ ਜਾਂਦੀਆਂ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਹਰੇਕ ਚੰਗਾ-ਮੰਦਾ ਖ਼ਿਆਲ ਜਾਂ ਹਰੇਕ ਵਿਕਾਰੀ ਜਜ਼ਬਾ ਸਾਡੇ ਸਰੀਰ ਅਤੇ ਮਨ 'ਤੇ ਅਸਰ ਪਾਂਦਾ ਹੈ। ਮਨੁੱਖ ਦੇ ਮਨ ਵਿਚੋਂ ਉਠਿਆ ਖ਼ਿਆਲ ਇਕ ਬੜੀ ਜ਼ਬਰਦਸਤ ਤਾਕਤ ਹੈ। ਜਿਸ ਨੂੰ ਅਸੀਂ ਨਫ਼ਰਤ ਕਰ ਰਹੇ ਹੁੰਦੇ ਹਾਂ, ਉਸ ਨਾਲੋਂ ਦੁੱਗਣਾ ਅਸਰ ਸਾਡੇ ਉੱਤੇ ਪੈਂਦਾ ਹੈ। ਪਿਆਰ ਦੇ ਫੁਰਨੇ ਸਰੀਰਕ ਤੇ ਮਾਨਸਿਕ ਅਰੋਗਤਾ ਦੇ ਜ਼ਾਮਨ ਬਣਦੇ ਹਨ। ਬੋਲ ਵਿਚ ਮਿਠਾਸ ਅਤੇ ਚਿਹਰੇ 'ਤੇ ਖੇੜਾ ਪੈਦਾ ਕਰਦੇ ਹਨ। ਨਫ਼ਰਤ, ਕ੍ਰੋਧ ਤੇ ਈਰਖਾ ਦੇ ਖ਼ਿਆਲ ਮਨੁੱਖ ਅੰਦਰ ਕਈ ਪ੍ਰਕਾਰ ਦੇ ਰੋਗ ਪੈਦਾ ਕਰਦੇ ਹਨ। ਇਹ ਗੁਰਮਤਿ ਦਾ ਫੈਸਲਾ ਹੈ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ॥**
**ਜਿਉ ਕੰਚਨ ਸੋਹਾਗਾ ਢਾਲੈ॥**

(ਪੰਨਾ ੯੩੨)

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**

(ਪੰਨਾ ੪੭੩)

ਜੇ ਕੋਈ ਸਾਡੇ ਵੱਲ ਨਫ਼ਰਤ ਤੇ ਵੈਰ ਦੇ ਖ਼ਿਆਲ ਭੇਜ ਰਿਹਾ ਹੈ ਅਤੇ ਅਸੀਂ ਅੱਗੋਂ ਪਿਆਰ ਭਰੇ ਖ਼ਿਆਲ ਭੇਜਦੇ ਹਾਂ ਤਾਂ ਉਹ ਨਫ਼ਰਤ-ਭਰੇ ਖ਼ਿਆਲ ਸਾਡਾ ਕੁਝਨਹੀਂ ਵਿਗਾੜ ਸਕਣਗੇ ਕਿਉਂਕਿ ਉਹ ਸਾਡੇ ਅੰਦਰ ਵੈਰ ਜਾਂ ਬਦਲੇ ਦੀ ਅੱਗ ਨਹੀਂ ਭੜਕਾ ਸਕਣਗੇ। ਜੇ ਅਸੀਂ ਨਫ਼ਰਤ ਨੂੰ ਨਫ਼ਰਤ ਨਾਲ ਮਿਲਦੇ ਹਾਂ ਤਾਂ ਭੜਕਦੀ ਅੱਗ 'ਤੇ ਹੋਰ ਬਾਲਣ ਤੇ ਤੇਲ ਪਾਂਦੇ ਹਾਂ ਅਤੇ ਆਪਣੇ ਆਪ ਨੂੰ ਨਫਰਤ ਦੀ ਅੱਗ ਵਿਚ ਸਾੜ ਕੇ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦੇ ਹਾਂ ਪਰ ਸਹਿਜ ਮਾਰਗ ਦਾ ਪਾਂਧੀ "ਪਰ ਕਾ ਬੁਰਾ ਨਾ ਰਾਖਹ ਚੀਤ" ਦੇ ਗੁਰ-ਉਪਦੇਸ਼ ਨੂੰ ਸਦਾ ਸਾਹਮਣੇ ਰੱਖਦਾ ਹੈ ਅਤੇ ਸਭ ਲਈ ਸ਼ੁਭ ਇੱਛਕ ਬਣ ਕੇ ਪਿਆਰ ਦੀਆਂ ਲਹਿਰਾਂ ਪੈਦਾ ਕਰਦਾ ਹੈ ਅਤੇ ਹਉਮੈ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਭੁਜਦੇ ਜਗਤ ਦੀ ਭਲਾਈ ਵਾਸਤੇ ਜੋਦੜੀ ਕਰਦਾ ਹੈ :


**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥**

(ਪੰਨਾ ੮੫੩)

ਕਿਤਨੇ ਫ਼ਖ਼ਰ ਵਾਲੀ ਗੱਲ ਹੈ ਕਿ ਸੰਸਾਰ ਦੇ ਸਾਰੇ ਧਰਮਾਂ ਵਿਚੋਂ ਕੇਵਲ ਸਿੱਖ ਧਰਮ ਹੀ ਇਕ ਅਜੇਹਾ ਧਰਮ ਹੈ, ਜਿਸ ਦੇ ਅਨੁਯਾਈ ਘੱਟੋ-ਘੱਟ ਤਿੰਨ ਵਾਰੀ ਰੋਜ਼ਾਨਾ ਤਾਂ ਜ਼ਰੂਰੀ ਹੀ ਸਾਰੀ ਮਨੁੱਖਤਾ ਦਾ ਭਲਾ ਮੰਗਦੇ ਹਨ।

ਸਿੱਖ ਧਰਮ ਵਿਚ 'ਸਰਬੱਤ ਦਾ ਭਲਾ' ਮੰਗਣ ਦਾ ਸਿਧਾਂਤ ਇਕ ਅਜੇਹਾ ਸਦੀਵੀ ਚਾਨਣ-ਮੁਨਾਰਾ ਹੈ, ਜਿਹੜਾ ਜੁਗਾਂ-ਜੁਗਾਂਤਰਾਂ ਤੀਕ ਸਾਰੀ ਲੋਕਾਈ ਲਈ ਪਥ-ਪ੍ਰਦਰਸ਼ਕ ਬਣਿਆ ਰਹੇਗਾ।

# ਸਾਕਾ ਸ੍ਰੀ ਨਨਕਾਣਾ ਸਾਹਿਬ



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।


**ਜੋਗਿੰਦਰ ਸਿੰਘ ਅਜੈਬ**

**ਆਊਟਲਾਈਨ ਐਡੀਟਰ**

**98152-69145**




ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ

ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੌਲੇ-ਗੌਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੁੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੰਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੂਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਚਿੰਤਾ ਨਹੀਂ ਚੇਤਾ ਕਰ


> **'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**
>
> **ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭ ਤੈ ॥**
**ਅਚਿੰਤ ਦਾਨ ਦੇਇ ਪ੍ਰਭੁ ਮੇਰਾ, ਵਿਚਿ ਪਾਥਰ ਕੀਟ ਪਖਾਣੀ ਹੈ ॥**
**(ਮਾਰ ਸੋਹਲੇ ਮ : ੪, ਪੰਨਾ ੧੦੭੦)**

ਸਤਿਗੁਰੂ ਰਾਮਦਾਸ ਫਰਮਾਉਂਦੇ ਹਨ ਕਿ ਹੇ ਪ੍ਰਾਣੀ ਤੂੰ ਰੋਟੀ ਦੀ ਚਿੰਤਾ ਨਾ ਕਰ, ਤੇਰੀ ਚਿੰਤਾ ਕਰਤੇ ਨੂੰ ਹੈ। ਉਹ ਜਲ ਵਿਚ ਵੀ ਹੈ ਧਰਤੀ ਤੇ ਵੀ ਹੈ ਅਤੇ ਪੱਥਰਾਂ ਵਿਚ ਕੀੜਿਆਂ ਨੂੰ ਵੀ ਰਿਜ਼ਕ ਦੇ ਰਿਹਾ ਹੈ। ਉਹ ਤਾਂ ਅਜਿਹਾ ਰਿਜ਼ਕ ਵੀ ਦਿੰਦਾ ਹੈ ਜਿਸ ਦਾ ਸਾਨੂੰ ਚਿਤ ਚੇਤਾ ਵੀ ਨਹੀਂ ਹੁੰਦਾ।

ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ :

**ਨਾਨਕ, ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ ॥**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥**
**ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥**
**ਸਉਦਾ ਮੂਲਿ ਨਾ ਹੋਵਈ, ਨ ਕੋ ਲਏ ਨ ਦੇਇ ॥**
**ਜੀਆ ਕਾ ਅਹਾਰੁ ਜੀਅ ਖਾਣਾ ਏਹੁ ਕਰੇਇ ॥**
**ਵਿਚਿ, ਉਪਾਇ ਸਾਇਰਾ ਤਿਨਾ ਭਿ ਸਾਰ ਕਰੇਇ ॥**
**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥**
**(ਸਲੋਕ ਮ : ੨, ਪੰਨਾ ੯੫੫)**



ਭਾਈ ਸਾਹਿਬ ਭਾਈ ਨੰਦ ਲਾਲ ਜੀ ਫਰਮਾਉਂਦੇ ਹਨ –

**ਬਰਾਏ ਗਿਰਦਾ ਇ ਨਾਂ, ਗਿਰਦ ਹਰ ਦੂਨਾ ਚਿ ਮੇ ਗਰਦੀ,**
**ਤਮਾਅ ਦੀਦੀ ਕਿ ਆਦਮ ਰਾ, ਅਸੀਰੇ ਦਾਨਾ ਮੇ ਸਾਜ਼ਦ।**

ਹੇ ਬੰਦੇ! ਤੂੰ ਕਮੀਨੇ ਬੰਦੇ ਦੇ ਆਲੇ-ਦੁਆਲੇ ਰੋਟੀ ਵਾਸਤੇ ਚੱਕਰ ਕੱਟਦਾ ਹੈਂ ਤੂੰ ਵੇਖਿਆ ਹੀ ਹੈ ਕਿ ਆਦਮ ਨੂੰ ਰੋਟੀ ਦੇ ਲੋਭ ਨੇ ਹੀ ਦਾਨੇ ਦਾ ਕੈਦਾ ਬਣਾ ਦਿੱਤਾ ਸੀ।

ਰੋਟੀ ਦੀ ਆਸ਼ਾ ਵਿਚ ਭਟਕਦੇ ਹੋਏ ਬੰਦੇ ਨੂੰ ਭਰਥਰੀ ਇੰਜ ਸਿੱਖਿਆ ਦਿੰਦੇ ਹਨ :

**ਆਸ਼ੇ ਫਲ ਹੀਨੀ, ਕੀਨੀ ਤੇਰੇ ਬਲ ਸੋ ਸੇਵਾਦਿ,**
**ਮੂਢੋ ਕੋ ਕੁਬੈਨ ਸੋਢੈ ਨੈਨ ਛੋਡੇ ਬਨ ਕੋ।**
**ਚਿਤ ਕੋ ਸੰਕੋਚ ਕੀਨੇ ਕੇ ਦ੍ਰਿਗ ਸੋ ਰੋਕ ਲੀਨੇ,**
**ਭਾਵੀ ਸ਼ੋਕ ਚੀਨੇ ਪੀਨੇ ਕੀਨੋ ਨਾ ਬਚਨ ਕੋ।**
**ਹਸਯੋ ਭੀ ਨਿਕਾਰ ਦੰਤ ਜੈਸੇ ਚਿੰਤਾਮਾਨ ਜੋਤ,**
**ਜੋਰ ਜੋਰ ਕਰ ਕੀਨੀ ਬੰਦਨਾਂ ਨੀਚਨ ਕੋ।**
**ਤੈਸੇ ਨਮੋ ਕਰੋ ਤੁਮੇ, ਤੇਰੇ ਸੰਗ ਚਿਰ ਭੂਮੇ,**
**ਅਬ ਚਾਹੇ ਛੋਡ ਹਮੇ ਕਾਹੇ ਦਾਹੋ ਜਨ ਕੇ।**
**(ਵੈਰਾਗ ਸ਼ੱਤਕ)**

ਇਸ ਕਥਨ ਨੂੰ ਧਿਆਨ ਨਾਲ ਵਿਚਾਰੀਏ ਕਿ ਆਸ਼ਾ ਦਾ ਤੇ ਮਨੁੱਖ ਦਾ ਕਦੀ ਮੇਲ ਨਹੀਂ ਹੁੰਦਾ। ਆਸ਼ਾ ਹਮੇਸ਼ਾ ਭਵਿੱਖ ਵਿਚ ਹੁੰਦੀ ਹੈ ਤੇ ਅਸੀਂ ਵਰਤਮਾਨ ਵਿਚ ਹੁੰਦੇ ਹਾਂ। ਆਸ਼ਾ ਹਮੇਸ਼ਾ ਹੀ ਸਾਡੇ ਤੋਂ ਅੱਗੇ ਹੁੰਦੀ ਹੈ।

ਭਰਥਰੀ ਦੇ ਕਬਿਤ ਦਾ ਭਾਵ ਹੈ ਕਿ ਹੇ ਆਸ਼ਾ! ਤੇਰੇ ਆਸਰੇ ਮੈਂ ਲੋਕਾਂ ਦੀ ਸੇਵਾ ਕੀਤੀ। ਮੂਰਖਾਂ ਦੇ ਬਚਨ ਸਹਾਰੇ। ਤੇ ਆਪਣੀਆਂ ਅੱਖਾਂ ਵਿਚੋਂ ਆਏ ਅੱਥਰੂ ਰੋਕ ਲਏ ਕਿ ਕਿਤੇ ਮੈਨੂੰ ਰੋਂਦੇ ਨੂੰ ਕੋਈ ਵੇਖ ਨਾ ਲਵੇ। ਮੈਂ ਸਮਝਿਆ ਇਹ ਗਮ ਵੀ ਮੇਰੇ ਭਾਗਾਂ ਵਿਚ ਵੀ ਲਿਖਿਆ ਹੈ। ਮੈਂ ਬੁਰੇ ਬਚਨ, ਮਨ ਨੂੰ ਦੁਖਾਉਣ ਵਾਲੇ ਬਚਨ ਸੁਣ ਕੇ ਵੀ ਅੱਗੋਂ ਦੰਦ ਕੱਢ ਕੇ ਹੱਸ ਛੱਡਿਆ। ਕਿੰਨੀ ਦਰਦਨਾਕ ਹੈ ਇਹ ਮਨ ਦੀ ਹਾਲਤ ਕਿ ਮਨ ਰੋਣ ਨੂੰ ਕਰ ਰਿਹਾ ਹੋਵੇ ਪਰ ਬੰਦੇ ਨੂੰ ਹੱਸਣਾ ਪੈ ਰਿਹਾ ਹੋਵੇ। ਮਨ ਦੀ ਇਸ ਤੋਂ ਜ਼ਲੀਲ ਤੇ ਘ੍ਰਿਣਤ ਹਾਲਤ ਹੋਰ ਕੀ ਹੋ ਸਕਦੀ ਹੈ, ਕਹਿੰਦੇ ਹਨ ਦੰਦ ਕੱਢ ਕੇ ਹੱਸਿਆ ਤੇ ਹੱਥ ਜੋੜ-ਜੋੜ ਕੇ ਨੀਚ ਬੰਦਿਆਂ ਨੂੰ ਨਮਸਕਾਰ ਕੀਤੀ। ਹੇ ਆਸ਼ਾ! ਹੁਣ ਉਨ੍ਹਾਂ ਨੀਚਾਂ ਵਾਂਗੂੰ ਤੈਨੂੰ ਵੀ ਮੈਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ। ਇਸ ਸੇਵਕ ਨੂੰ ਹੁਣ ਤਾਂ ਰਿਹਾਅ ਕਰ ਦੇ, ਮੈਨੂੰ ਤੂੰ ਕਿਉਂ ਸਾੜਦੀ ਹੈਂ? ਬਸ ਜਿੰਨੀ ਕੁ ਸੇਵਾ ਹੋ ਗਈ ਹੈ, ਪ੍ਰਵਾਨ ਕਰ ਤੇ ਅੱਗੋਂ ਮੇਰੀ ਬੰਦ ਖਲਾਸੀ ਕਰ। ਭਰਥਰੀ ਜੀ ਦਾ ਭਾਵ ਹੈ ਕਿ ਰੋਟੀ ਦੀ ਚਿੰਤਾ ਬੰਦੇ ਕੋਲੋਂ ਕੀ ਕੀ ਕਰਵਾ ਦਿੰਦੀ ਹੈ। ਬੰਦੇ ਨੂੰ ਆਪਣੀ ਜ਼ਮੀਰ ਵੀ ਵੇਚਣੀ ਪੈਂਦੀ ਹੈ।

ਪਰ ਰੱਬ ਦੇ ਪਿਆਰੇ ਇਸ ਗੱਲੋਂ ਬੇਪਰਵਾਹ ਹਨ। ਉਹ ਸਮਝਦੇ ਹਨ ਜਦੋਂ ਉਸ ਨੇ ਜਿੰਦ ਦਿੱਤੀ ਹੈ, ਸਰੀਰ ਦਿੱਤਾ ਹੈ ਤੇ ਖਾਣ-ਪਾਣ ਕਿਉਂ ਨਾ ਦੇਵੇਗਾ?

**ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥**
**ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥**
**(ਸੋਰਠਿ ਮ : ੫, ਪੰਨਾ ੬੧੯)**

ਇਕ ਵਾਰ ਸ਼ਿਵਾ ਜੀ ਨੇ ਆਪਣੇ ਗੁਰੂ ਸਮਰਥ ਰਾਮਦਾਸ ਨੂੰ ਆਪਣਾ ਬਣਾਇਆ ਹੋਇਆ ਕਿਲ੍ਹਾ ਵਿਖਾਇਆ ਤੇ ਕਹਿਣ ਲੱਗਾ, "ਮਹਾਰਾਜ ਇਹ ਕਿਲ੍ਹਾ ਸਾਡੀ ਜੰਗੀ ਲੋੜ ਵੀ ਪੂਰੀ ਕਰੇਗਾ। ਪਰ ਇਹ ਬਣਾ ਕੇ ਮੈਂ ਬੜਾ ਪਰਉਪਕਾਰ ਕੀਤਾ ਹੈ ਅਨੇਕਾਂ ਬੰਦੇ ਬੇਕਾਰ ਸਨ ਇਥੇ ਕੰਮ ਮਿਲ ਗਿਆ ਉਨ੍ਹਾਂ ਨੂੰ ਰੋਟੀ ਮਿਲ ਗਈ ਹੈ।" ਸਮਰਥ ਰਾਮਦਾਸ ਕਸ਼ਮੀਰ ਵਿਚ ਗੁਰੂ ਹਰਗੋਬਿੰਦ ਸਾਹਿਬ ਨੂੰ ਮਿਲਿਆ ਸੀ ਗੁਰਮਤਿ ਦੀਆਂ ਵਿਚਾਰਾਂ ਤੋਂ ਬਾਣੀ ਤੋਂ ਉਹ ਬੜਾ ਪ੍ਰਭਾਵਤ ਸੀ। ਮੀਰੀ-ਪੀਰੀ ਦੇ ਵਿਚਾਰ ਦਾ ਉਸ ਦੇ ਮਨ ਤੇ ਬੜਾ ਪ੍ਰਭਾਵ ਪਿਆ ਸੀ।

ਇਹੀ ਕਾਰਨ ਹੈ ਕਿ ਸ਼ਿਵਾ ਜੀ ਦੇ ਚਿੱਤਰ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਭਾਵ ਹੈ। ਉਸ ਨੇ ਆਪਣੇ ਸ਼ਿਸ਼ ਸ਼ਿਵਾ ਜੀ ਨੂੰ ਇਕ ਪੱਥਰ ਤੋੜਨ ਵਾਸਤੇ ਕਿਹਾ। ਸ਼ਿਵਾ ਜੀ ਨੇ ਜਦੋਂ ਉਹ ਪੱਥਰ ਤੋੜਿਆ ਤਾਂ ਪੱਥਰ ਵਿਚੋਂ ਇਕ ਕੀੜਾ ਨਿਕਲਿਆ। ਸਮਰਥ ਰਾਮਦਾਸ ਨੇ ਕਿਹਾ, "ਕੀ ਤੂੰ ਦੱਸ ਸਕਦਾ ਹੈ ਕਿ ਕਿਲ੍ਹੇ ਨੂੰ ਪੱਥਰ ਲਗਾਉਣ ਵਾਲਿਆਂ ਨੂੰ ਤਾਂ ਤੂੰ ਰੋਟੀ ਦਿੱਤੀ ਹੈ, ਪਰ ਇਨ੍ਹਾਂ ਪੱਥਰਾਂ ਵਿਚ ਕੀੜਿਆਂ ਨੂੰ ਵੀ ਤੂੰ ਹੀ ਰਿਜ਼ਕ ਪਹੁੰਚਾ ਰਿਹਾ ਹੈ।" ਸ਼ਿਵਾ ਜੀ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਉਸ ਨੇ ਸਮਰਥ ਰਾਮਦਾਸ ਅੱਗੇ ਆਪਣਾ ਸਿਰ ਝੁਕਾਅ ਕੇ ਭੁੱਲ ਦੀ ਖਿਮਾ ਮੰਗੀ ਤੇ ਕਿਹਾ, "ਸਾਰਿਆਂ ਨੂੰ ਪ੍ਰਮਾਤਮਾ ਹੀ ਦਿੰਦਾ ਹੈ।"

ਕਈ ਵਾਰ ਸਾਨੂੰ ਇਹ ਵੀ ਖਿਆਲ ਆਉਂਦਾ ਹੈ ਕਿ ਸਾਡੀ ਰੋਟੀ ਵਿਚ ਕੋਈ ਲੱਤ ਨਾ ਮਾਰ ਦੇਵੇ। ਸਤਿਗੁਰੂ ਸਾਡੇ ਇਸ ਭਰਮ ਦੀ ਨਵਿਰਤੀ ਕਰਦੇ ਹਨ :

**ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥**

**(ਸੂਹੀ ਮ: ੫, ਪੰਨਾ ੭੪੯)**

ਦੋ ਸਾਧੂ ਸਿਮਰਨ-ਭਜਨ ਕਰਦੇ ਸਨ ਤੇ ਭਿੱਖਿਆ ਕਰਕੇ ਆਪਣੀ ਪੇਟ ਪੂਰਤੀ ਕਰਦੇ ਸਨ। ਨਗਰ-ਨਗਰ ਫਿਰਨਾ ਇਨ੍ਹਾਂ ਦਾ ਸੁਭਾਅ ਬਣ ਚੁੱਕਾ ਸੀ। ਇਕ ਥਾਂ ਟਿਕ ਕੇ ਨਹੀਂ ਸਨ ਬੈਠਦੇ। ਇਨ੍ਹਾਂ ਦਾ ਖਿਆਲ ਸੀ ਕਿ ਟਿਕਣ ਨਾਲ ਟਿਕਾਣਾ ਵੀ ਮੋਹ ਦਾ ਬੰਧਨ ਬਣ ਜਾਂਦਾ ਹੈ। ਭਾਵੇਂ ਉਹ ਝੌਂਪੜੀ ਵੀ ਕਿਉਂ ਨਾ ਹੋਵੇ। ਇਕ ਨਗਰ ਵਿਚ ਗਏ ਇਨ੍ਹਾਂ ਦਾ ਫ਼ਕੀਰੀ ਲਿਬਾਸ ਵੇਖ ਕੇ ਕੁੱਤੇ ਆ ਇਕੱਠੇ ਹੋਏ, ਉਹ ਇਨ੍ਹਾਂ ਦੇ ਪਿੱਛੇ ਪੈ ਗਏ। ਨੌਜਵਾਨ ਸਾਧੂ ਨੇ ਕਿਹਾ, "ਗੁਰੂ ਜੀ...! ਅੱਜ ਭੁੱਖੇ ਰਹਾਂਗੇ, ਇਹ ਕੁੱਤੇ ਸਾਨੂੰ ਭਿੱਖਿਆ ਨਹੀਂ ਲੈਣ ਦੇਣਗੇ।"

ਬਜ਼ੁਰਗ ਸਾਧੂ ਨੇ ਕਿਹਾ, "ਬੇਟਾ! ਕੁੱਤਿਆਂ ਦੇ ਭੌਂਕਣ ਨਾਲ ਦਰਵੇਸ਼ਾਂ ਦਾ ਰਿਜ਼ਕ ਘੱਟ ਨਹੀਂ ਹੁੰਦਾ। ਤੂੰ ਕੋਈ ਫਿਕਰ ਨਾ ਕਰ

**ਅਵਾਜ਼ੇ ਸਗਾ, ਰਿਜ਼ਕੇ ਦਰਵੇਸ਼ਾ ਕੱਮ ਨਾ ਕਰਦ।**

ਇਕ ਮਾਤਾ ਨੇ ਦੂਰੋਂ ਵੇਖਿਆ ਕਿ ਫ਼ਕੀਰਾਂ ਨੂੰ ਕੁੱਤੇ ਪੈ ਰਹੇ ਹਨ। ਉਸ ਦੇ ਹੱਥ ਵਿਚ ਸੋਟੀ ਸੀ ਉਹ ਇਧਰ ਆਈ ਉਨੇ ਦੋ ਤਿੰਨਾਂ ਕੁੱਤਿਆਂ ਦੇ ਸਿਰ ਵਿਚ ਸੋਟੀਆਂ ਮਾਰੀਆਂ, ਕੁੱਤੇ ਮਾਰ ਖਾ ਕੇ ਭੱਜ ਗਏ। ਮਾਈ ਨੇ ਕਿਹਾ ਸਾਂਈ ਮੇਰੇ ਨਾਲ ਆ ਜਾਉ, ਦੱਸੋ ਪ੍ਰਸ਼ਾਦਾ ਬੈਠ ਕੇ ਛਕੋਗੇ ਕਿ ਤੁਸੀਂ ਲੈ ਕੇ ਜਾਣਾ ਹੈ। ਸੰਤਾਂ ਨੇ ਕਿਹਾ ਮਾਤਾ, ਮਗਰ ਹੋਰ ਤਾਂ ਕੋਈ ਸਾਡਾ ਹੈ ਨਹੀਂ ਅਸੀਂ ਹੀ ਛਕਣਾ ਹੈ ਭਾਵੇਂ ਇਥੇ ਛਕਾ ਦਿਉ ਭਾਵੇਂ ਦੇ ਦਿਉ। ਮਾਤਾ ਨੇ ਆਦਰ ਨਾਲ ਕੱਪੜਾ ਵਿਛਾ ਕੇ ਫਕੀਰਾਂ ਨੂੰ ਬਿਠਾਇਆ, ਪ੍ਰਸ਼ਾਦਾ ਛਕਾਇਆ, ਫਲ ਵੀ ਛਕਾਇਆ, ਦੁੱਧ ਛਕਾਇਆ ਤੇ ਆਦਰ ਨਾਲ ਵਿਦਾ ਕੀਤਾ। ਉਸ ਬੱਚੇ ਨੂੰ, ਬਜ਼ੁਰਗ ਸੰਤ ਨੇ ਕਿਹਾ, "ਕਿਉਂ ਬੇਟਾ! ਕੁੱਤਿਆ ਦੇ ਭੌਂਕਣ ਨਾਲ ਸਾਡੇ ਰਿਜ਼ਕ ਵਿਚ ਕੋਈ ਫਰਕ ਪਿਆ ਹੈ। ਕੋਈ ਨਹੀਂ ਪਿਆ ਸਗੋਂ ਅੱਗੇ ਤੋਂ ਵੀ ਜ਼ਿਆਦਾ ਸੇਵਾ ਹੋਈ ਹੈ। ਇਸੇ ਤਰ੍ਹਾਂ ਉਹ ਪ੍ਰਮਾਤਮਾ ਕਰਦਾ ਹੈ ਉਸ ਦੀ ਬਖਸ਼ਸ਼ ਵਿਚ ਕੋਈ ਕੁੱਤੇ ਵਾਂਗੂੰ ਭੌਂਕਣ ਦਾ ਯਤਨ ਕਰੇ ਤਾਂ ਉਹ ਸਿਰ ਵਿਚ ਡੰਡਾ ਮਾਰ ਕੇ ਪਾਸੇ ਕਰ ਦਿੰਦਾ ਹੈ।

ਇਸੇ ਲਈ ਸੰਤ ਪੁਰਸ਼ ਕਹਿੰਦੇ ਹਨ ਤੂੰ ਰੋਟੀ ਦੀ ਚਿੰਤਾ ਨਾ ਕਰ। ਉਹ ਤਾਂ ਪ੍ਰਮਾਤਮਾ ਕਰ ਰਿਹਾ ਹੈ ਤੇਰੀ ਚਿੰਤਾ ਇਕ ਹੀ ਹੈ ਤੂੰ ਉਸ ਦੇ ਸਿਮਰਨ ਦੀ ਚਿੰਤਾ ਕਰ, ਫਿਕਰ ਸਿਰਫ਼ ਇਹ ਕਰ ਕਿ ਅੱਜ ਮਾਲਕ ਦੀ ਯਾਦ ਘੱਟ ਕਿਉਂ ਆਈ ਹੈ? ਜਿਸ ਨੇ ਤੈਨੂੰ ਕਦੀ ਨਹੀਂ ਭੁਲਾਇਆ, ਸਦਾ ਹੀ ਸਵਾਸ-ਸਵਾਸ ਤੇਰੀ ਚਿੰਤਾ ਕਰ ਰਿਹਾ ਹੈ ਤੂੰ ਉਸ ਪ੍ਰਮਾਤਮਾ ਨੂੰ ਯਾਦ ਕਰ, ਰੋਟੀ ਦਾ ਫ਼ਿਕਰ ਨਾ ਕਰ।

ਇਕ ਧਨਪਤਿ ਬਾਪ ਨੇ ਪੁੱਤਰ ਨੂੰ ਵਿਦੇਸ਼ ਭੇਜਣਾ ਹੋਵੇ ਤਾਂ ਪੂਰਾ ਫ਼ਿਕਰ ਕਰਦਾ ਹੈ। ਫ਼ੋਨ ਕਰਦਾ ਹੈ ਪਹਿਲਾਂ ਹੀ ਉਸ ਦੇ ਰਹਿਣ ਲਈ ਹੋਟਲ ਵਿਚ ਕਮਰਾ ਬੁਕ ਕਰਵਾ ਦਿੰਦਾ ਹੈ ਕਿ ਮੇਰੇ ਪੁੱਤਰ ਨੂੰ ਤਕਲੀਫ਼ ਨਾ ਹੋਵੇ। ਉਸ ਪ੍ਰਮਾਤਮਾ ਨੇ ਪਰਮ ਪਿਤਾ ਨੇ ਕੋਟ ਬ੍ਰਹਿਮੰਡ ਦੇ ਮਾਲਕ ਸਵਾਮੀ ਨੇ, ਜਿਸ ਦਾ ਤੂੰ, ਪੁੱਤਰ ਹੈਂ ਤੇਰੇ ਰਹਿਣ ਲਈ ਧਰਤੀ ਬਣਾਈ, ਧਰਤੀ ਤੇ ਤੈਨੂੰ ਭੇਜਣ ਤੋਂ ਪਹਿਲਾਂ ਸਾਰਾ ਪ੍ਰਬੰਧ ਕੀਤਾ ਹੈ। ਜੇ ਤੈਨੂੰ ਉਸ ਪ੍ਰਮਾਤਮਾ ਤੇ ਭਰੋਸਾ ਹੋਵੇ ਤਾਂ ਯਾਦ ਰੱਖ ਹਰ ਅੱਜ ਨਾਲੋਂ ਆਉਣ ਵਾਲਾ ਕੱਲ੍ਹ ਚੰਗਾ ਹੀ ਆਵੇਗਾ। ਸਾਹਿਬ ਨੀਤ ਨਵਾਂ ਹੈ ਉਸ ਦੀ ਯਾਦ ਆਵੇਗੀ ਤਾਂ ਨਿਤ ਨਵੀਂ ਖ਼ੁਸ਼ੀ ਲੈ ਕੇ ਆਵੇਗੀ। ਅੱਜ ਤੱਕ ਜਿੰਨਿਆਂ ਨੇ ਵੀ ਉਸ ਨੂੰ ਯਾਦ ਕੀਤਾ ਹੈ ਹਰ ਇਕ ਨੇ ਇਹੀ ਕਿਹਾ ਹੈ ਮੈਨੂੰ ਉਸ ਨੇ ਸਭ ਤੋਂ ਵੱਧ ਪਿਆਰ ਕੀਤਾ ਹੈ। ਉਹ ਹਰ ਇਕ ਨੂੰ ਇੰਨਾ ਪਿਆਰ ਦਿੰਦਾ ਹੈ ਕਿ ਅਸੀਂ ਇੰਨਾ ਪਿਆਰ ਬਰਦਾਸ਼ਤ ਹੀ ਨਹੀਂ ਕਰ ਸਕਦੇ। ਅਸੀਂ ਬੂੰਦ ਚਾਹੁੰਦੇ ਹਾਂ ਪਰ ਉਹ ਤਾਂ ਸਾਗਰ ਉਲਟ ਦਿੰਦਾ ਹੈ।

ਇਸ ਰੋਟੀ ਦਾ ਫ਼ਿਕਰ ਨਹੀਂ ਕਰਨਾ ਸਰਬ ਕਲਾ ਸਮਰੱਥ ਦੇ ਸਿਮਰਨ ਦਾ ਫ਼ਿਕਰ ਕਰਨਾ ਹੈ।

ਪਰ ਭੋਜਨ ਦਾ ਫ਼ਿਕਰ ਛੱਡ ਕੇ ਭਜਨ ਦੀ ਦਾਤ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਬਹੀਐ ਪੜਿਆ ਪਾਸਿ॥

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਮੇਰਾ ਬਚਪਨ ਤੇ ਪ੍ਰਾਇਮਰੀ ਸਕੂਲ


ਜਦੋਂ ਬਚਪਨ ਵਿਚ ਪਿੰਡ ਦੇ ਸਕੂਲ ਵਿਚ ਪ੍ਰਾਇਮਰੀ ਲਈ ਦਾਖਲ ਹੋਏ ਬੜੇ ਚਾਅ ਤੇ ਮਲਾਰ ਸਨ। ਘਰ ਹੀ ਕੱਪੜੇ ਦਾ ਸੀਤਾ ਹੋਇਆ ਝੋਲਾ, ਪਹਿਲਾਂ ਖਾਲੀ ਤੇ ਫਿਰ ਸਿਰਫ਼ ਇਕ ਕੈਦਾ ਫਿਰ ਸਲੇਟ ਤੇ ਫਿਰ ਲੱਕੜੀ ਦੀ ਫੱਟੀ ਨਾਲ ਰਲ ਗਈ। ਕਤਾਰਾਂ ਵਿਚ ਖੜ੍ਹੇ ਹੋ ਕੇ ਪਹਿਲਾਂ ੳ, ਅ ਤੇ ਫਿਰ ਇਕ ਦੋ ਤਿੰਨ ਉੱਚੀ-ਉੱਚੀ ਰੋਲਾ ਪਾ ਕੇ ਹੇਕਾਂ ਨਾਲ ਗਾਉਣਾ। ਫਿਰ ਪਹਾੜੇ ਰਲ ਗਏ। ਸਵੇਰੇ ਸਕੂਲ ਦੀ ਪਰੇਅਰ ਤੋਂ ਪਹਿਲਾਂ ਹੀ ਸਾਰੀ ਜਮਾਤ ਨੇ ਦੋ ਹਿੱਸਿਆਂ ਵਿਚ ਖਲੋ ਕੇ ਉੱਚੀ-ਉੱਚੀ ਪਹਾੜੇ ਬੋਲ ਕੇ ਪਿੰਡ ਤੱਕ ਅਵਾਜ਼ ਪਹੁੰਚਾਉਣੀ। ਲੈਅ ਵਿਚ ਸਿੱਖੇ ਪਹਾੜੇ ਕਦੀ ਤਰਤੀਬ ਤੋਂ ਬਾਹਰ ਕਿਸੇ ਵੱਲੋਂ ਪੁੱਛੇ ਜਾਣ ਤਾਂ ਭੁੱਲ ਜਾਣਾ ਕਿਉਂਕਿ ਉਹ ਤਾਂ ਕਾਵਿਕ ਰੂਪ ਵਿਚ ਲੈਅ ਵਿਚ ਹੀ ਉਤਰਦੇ ਸੀ। ਪਹਾੜੇ ਨੂੰ ਮੁੱਢੋਂ ਬੋਲ ਕੇ ਪੁੱਛੇ ਗਏ ਹਿੰਦਸੇ ਤੱਕ ਪਹੁੰਚ ਕੇ ਅਸਾਨੀ ਨਾਲ ਉੱਤਰ ਦੱਸ ਦੇਣਾ। ਹਾਂ, ਥੋੜ੍ਹਾ ਸਮਾਂ ਵੱਧ ਲੱਗਦਾ ਸੀ। ਕੈਦੇ ਵਿਚ ਅੱਖਰਾਂ ਤੋਂ ਜ਼ਿਆਦਾ ਛਪੀਆਂ ਫੋਟੋਆਂ ਤੋਂ ਹੀ ਅੰਦਾਜ਼ਾ ਲਾ ਕੇ ਬੋਲਣਾ ਕਿ ਅੱਖਰ ਕਾਹਦੀ ਅਵਾਜ਼ ਦੇਂਦਾ ਹੈ। ਪ੍ਰਚੱਲਤ ਦੇਸੀ ਨਾਵਾਂ ਤੋਂ ਬਾਹਰ ਜਾ ਕੇ ਮਾਸਟਰ ਜੀ ਦੁਆਰਾ ਦੱਸੇ ਸ਼ਬਦ ਤੇ ਸ਼ੱਕ ਹੀ ਰਹਿਣਾ ਪਰ ਮਾਸਟਰ ਜੀ ਠੀਕ ਹੀ ਹੋਣੇ ਨੇ ਦਾ ਯਕੀਨ ਨਾਂ ਹੋਣ ਤੇ ਵੀ ਉਹਨੂੰ ਮੰਨਣਾ ਪੈਣਾ ਤੇ ਹੋਲੀ-ਹੋਲੀ ਉਸੇ ਤਰ੍ਹਾਂ ਦਾ ਅਭਿਆਸ ਹੋ ਜਾਣਾ। ਪਹਿਲਾਂ ਛੋਟੀਆਂ ਜਮਾਤਾਂ ਵਿਚ ਇਕਹਿਰੇ ਪਹਾੜੇ ਤੇ ਫਿਰ ਹੋਲੀ-ਹੋਲੀ ਦੋਹਰੇ ਪਹਾੜੇ ਵੀ ਕਹਾਉਣੇ ਸ਼ੁਰੂ ਕਰਨੇ। ਇਕ ਦੂਣੀ ਦੂਣੀ, ਦੋ ਦੂਣੀ ਚਾਰ ਤੋਂ ਲੈ ਕੇ ਉਨੀ ਵੀਹ ਤੱਕ ਦੇ ਪਹਾੜੇ ਉੱਚੀ-ਉੱਚੀ ਸੰਘ ਪਾੜਵੀਂ ਆਵਾਜ਼ ਵਿਚ ਬੋਲਣੇ। ਸਲੇਟ ਤੇ ਲਿਖਾਈ ਵੀ ਲਿਖਣੀ ਤੇ ਪਹਾੜੇ ਤੇ ਸਵਾਲ ਵੀ ਕੱਢਣੇ। ਸਲੇਟ ਸਾਫ਼ ਕਰਨ ਲਈ ਕੋਈ ਕੱਪੜਾਂ ਜਾਂ ਡਸਟਰ ਨਹੀਂ ਹੁੰਦਾ ਸੀ। ਸਲੇਟ ਤੇ ਆਪਣਾ ਥੁੱਕ ਸੁੱਟ ਕੇ ਮੁੱਠੀ ਨਾਲ ਜਾਂ ਕੂਹਣੀ ਤੱਕ ਦੀ ਬਾਂਹ ਨਾਲ ਸਲੇਟ ਸਾਫ਼ ਕਰਨੀ ਜਾਂ ਝੱਗੇ ਦਾ ਅਗਲਾ ਹਿੱਸਾ ਹੀ ਵਰਤ ਲੈਣਾ। ਲੱਕੜੀ ਦੀ ਫੱਟੀ ਤੇ ਗਾਚੀ ਲਗਾ ਕੇ ਗਿੱਲੀ ਫੱਟੀ ਨੂੰ ਹਿਲਾ ਕੇ ਸੁਕਾਉਣ ਲਈ ਹੱਥ ਵਿਚ ਫੜ ਕੇ ਫੱਟੀ ਨੂੰ ਹਵਾ ਵਿਚ ਗੋਲ ਘੁਮਾਉਣਾ ਤੇ ਨਾਲੇ ਗਾਉਣਾ

**"ਸੂਰਜਾ ਸੂਰਜਾ ਫੱਟੀ ਸੁਕਾ, ਨਹੀਂ ਸੁਕਾਉਣੀ ਤਾਂ ਮੰਦਰੇ ਜਾ"।**

ਫੱਟੀ ਸੁਕਾ ਕੇ, ਮਾਸਟਰ ਜਾਂ ਭੈਣ ਜੀ ਪਾਸੋਂ ਪੈਂਸਲ ਨਾਲ ਸਿੱਧੀਆਂ ਲਾਇਨਾਂ ਪਵਾ ਕੇ ਪੂਰਨੇ ਪੁਆਉਣੇ ਤੇ ਫਿਰ ਉਹਨਾਂ ਦੇ ਉੱਤੇ-ਉੱਤੇ ਇਕ ਪਾਸੇ ੳ, ਅ ਤੇ ਦੂਜੇ ਪਾਸੇ ਇਕ ਦੋ ਦੀ ਗਿਣਤੀ ਕਾਨ੍ਹੇ ਦੀ ਕਲਮ ਨਾਲ ਸਿਆਹੀ ਦੇ ਡੋਕੇ ਲੈ ਲੈ ਲਿਖਣੀ। ਸਿਆਹੀ ਵਾਲੀ ਦਵਾਤ ਅਤੇ ਕਾਨੇ ਦੀ ਕਲਮ, ਬਸਤੇ ਦਾ ਜ਼ਰੂਰੀ ਹਿੱਸਾ ਬਣ ਗਈ। ਦਵਾਤ ਦੀ ਸਿਆਹੀ ਵੱਗ ਵੱਗ ਕੇ ਬਸਤੇ ਤੇ ਕਾਲੇ ਧੱਬੇ ਲੱਗੇ ਰਹਿਣੇ। ਦਵਾਤ ਦਾ ਰਬੜ ਦਾ ਢੱਕਣ ਢਿੱਲਾ ਹੋ ਜਾਣ ਤੇ ਆਪੇ ਮਕੈਨਕੀ ਕਰਨੀ। ਰਬੜ ਦੇ ਢੱਕਣ ਨੂੰ ਘਰੇ ਮਿੱਟੀ ਦੇ ਤੇਲ ਵਿਚ ਭਿਉਂ ਕੇ ਰੱਖਣਾ, ਅਗਲੇ ਦਿਨ ਤੱਕ ਉਸ ਨੇ ਫੁਲ ਜਾਣਾ ਤੇ ਦਵਾਤ ਤੇ ਪੂਰਾ ਆ ਜਾਣਾ। ਸਿਆਹੀ ਮੁੱਕ ਜਾਣ ਤੇ ਜਾਂ ਡੁੱਲ ਜਾਣ ਤੇ ਨਾਲ ਦੇ ਆੜੀ ਕੋਲੋਂ ਤਰਲੇ ਪਾ ਕੇ ਡੋਕੇ ਮੰਗਣੇ ਤੇ ਕਹਿਣਾ ਕੱਲ ਨੂੰ ਤੂੰ ਮੇਰੇ ਕੋਲੋਂ ਡੋਕੇ ਲੈ ਕੇ ਫੱਟੀ ਲਿਖ ਲਵੀਂ। ਕਿਸੇ ਹੋਰ ਦਾ ਗਿੱਲੀ ਲਿਖਾਈ ਤੇ ਹੱਥ ਲੱਗਣ ਨਾਲ ਜਾਂ ਕੋਈ ਕੱਪੜਾ ਛੂਹ ਜਾਣ ਤੇ ਲਿਖਾਈ ਖਰਾਬ ਹੋ ਜਾਣੀ ਤਾਂ ਰੋ-ਰੋ ਕੇ ਮਾਸਟਰ ਜੀ ਜਾਂ ਭੈਣ ਜੀ ਨੂੰ ਸ਼ਿਕਾਇਤ ਕਰਨੀ। ਮਾਸਟਰ ਜੀ ਨੇ ਉਸ ਦੇ ਇਕ ਲਗਾ ਦੇਣੀ ਤਾਂ ਮਨ ਨੂੰ ਬੜੀ ਤਸੱਲੀ ਹੋਣੀ। ਸਾਡੇ ਬਚਪਨ ਵਿਚ ਮੇਰੇ ਪਿੰਡ ਦਾ ਸਰਕਾਰੀ ਸਕੂਲ ਸਿਰਫ਼ ਅੱਠਵੀਂ ਤੱਕ ਹੀ ਸੀ। ਦੂਜਾ ਸਕੂਲ ਖ਼ਾਲਸਾ ਸਕੂਲ ਸੀ ਪ੍ਰੰਤੂ ਉਹ ਛੇਵੀਂ ਜਮਾਤ ਤੋਂ ਸ਼ੁਰੂ ਹੁੰਦਾ ਸੀ। ਸਕੂਲ ਵਿਚ ਸਿਰਫ਼ 4 ਕਮਰੇ ਸੀ ਜੋ ਛੇਵੀਂ ਤੋਂ ਅੱਠਵੀਂ ਕਲਾਸ ਲਈ ਹੀ ਸਨ। ਪ੍ਰਾਇਮਰੀ ਦੀਆਂ ਕਲਾਸਾਂ ਬਾਹਰ ਖੁੱਲ੍ਹੇ ਵਿਚ ਗਰਾਊਂਡ ਵਿਚ ਹੀ ਲੱਗਦੀਆਂ ਸੀ। ਕਮਰਿਆਂ ਦੇ ਸਾਹਮਣੇ ਇਕ ਬਰਨੇ ਦਾ ਅਤੇ ਇਕ ਪਿੱਪਲ ਦਾ ਵੱਡਾ ਰੁੱਖ ਸੀ ਪ੍ਰੰਤੂ ਗਰਾਉਂਡ ਵਿਚ ਦੂਰ ਜਾ ਕੇ ਸਿਰਫ਼ ਇਕ ਵੱਡਾ ਕਿੱਕਰ ਦਾ ਦਰੱਖਤ ਹੀ ਸੀ। ਗਰਾਊਂਡ ਦੇ ਚਾਰੇ ਪਾਸੇ ਖੇਤ ਸਨ। ਪਹਾੜ ਵਾਲੇ ਪਾਸੇ ਤੇ ਖੇਤ ਉੱਚੇ ਸੀ ਤੇ ਉਸ ਉੱਚੀ ਦੀਵਾਰ ਨੁਮੀ ਬੰਨੀ ਦੇ ਨਾਲ-ਨਾਲ ਕਤਾਰ ਵਿਚ ਕਲਾਸਾਂ ਲੱਗਦੀਆਂ ਸਨ। ਹਰ ਕਲਾਸ ਦੇ ਬੱਚਿਆਂ ਨੇ ਆਪਣੀ-ਆਪਣੀ ਕਲਾਸ ਦੀ ਹੱਦ ਨੂੰ ਮਿੱਟੀ ਦੀ ਵਟੀਰੀ ਬਣਾ ਕੇ ਹੱਦਬੰਦੀ ਕੀਤੀ ਹੁੰਦੀ ਸੀ। ਦਾਖਲੇ ਵਾਲੇ ਪਾਸੇ ਤੋਂ ਰਸਤਾ ਛੱਡ ਕੇ ਦੋਨੋਂ ਸਿਰਿਆਂ ਤੇ ਗੋਲਾਈਆਂ ਬਣਾ ਕੇ ਫੁੱਲ ਬਣਾਉਂਦੇ ਸੀ। ਅੰਦਰਲਾ ਸਾਰਾ ਥਾਂ ਮਿੱਟੀ ਅਤੇ ਗੋਹੇ ਦੀ ਰਲੀ ਹੋਈ ਗੋਤੀ ਬਣਾ ਕੇ ਉਥੇ ਫੇਰ ਕੇ ਸਫ਼ਾਈ ਕੀਤੀ ਹੁੰਦੀ ਸੀ। ਵਟੀਰੀ ਤੇ ਚੀਕਣੀ ਚਿੱਟੀ ਮਿੱਟੀ ਜਿਸ ਨੂੰ ਪੋਚਾ ਕਹਿੰਦੇ ਸੀ, ਵਿਚ



**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
**98141-28181**

ਸਿਆਹੀ ਜਾਂ ਨੀਲ ਰੰਗ ਰਲਾ ਕੇ ਰੰਗ ਕਰਦੇ ਸੀ। ਬੈਠਣ ਲਈ ਕੋਈ ਟਾਟ ਜਾਂ ਬੈਂਚਾਂ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਸੀ। ਸਾਰੇ ਬੱਚੇ ਆਪਣੇ-ਆਪਣੇ ਘਰਾਂ ਤੋਂ ਬੋਰੀਆਂ ਲੈ ਕੇ ਆਉਂਦੇ ਸੀ। ਤਰਤੀਬ ਨਾਲ ਬੋਰੀਆਂ ਵਿਛਾ ਕੇ ਸਾਰੇ ਬੈਠਦੇ ਸੀ। ਸਕੂਲ ਦੀ ਗਰਾਊਂਡ ਦੀ ਉੱਚੀ ਬੰਨੀ ਤੇ ਖੇਤਾਂ ਤੋਂ ਵੱਖਰੇਵਾਂ ਕਰਨ ਲਈ ਕੱਚੇ ਕਾਨਿਆਂ ਦੇ ਨਾੜ ਬੀਜੇ ਹੋਏ ਹੁੰਦੇ ਸੀ ਜਾਂ ਉਹ ਆਪ ਹੀ ਉੱਗੇ ਹੋਏ ਹੁੰਦੇ ਸਨ ਪ੍ਰੰਤੂ ਸਾਡੇ ਔਖੇ ਵੇਲੇ ਜਦੋਂ ਕਲਮ ਘੜਣ ਲਈ ਪੱਕਾ ਕਾਨ੍ਹਾ ਨਾਂ ਮਿਲਣ ਤੇ ਕੱਚੇ ਨਾੜ ਦੀ ਕਲਮ ਘੜ ਕੇ ਫੱਟੀ ਲਿਖਣ ਦੇ ਕੰਮ ਜ਼ਰੂਰ ਆਉਂਦਾ ਸੀ।

ਪਾਣੀ ਪੀਣ ਜਾਂ ਪਿਸ਼ਾਬ ਕਰਨ ਜਾਣ ਲਈ ਇਕ ਉਂਗਲ ਅੱਗੇ ਕਰਕੇ ਮਾਸਟਰ ਜੀ ਤੋਂ ਇਕ ਨੰਬਰ ਜਾਣ ਦੀ ਆਗਿਆ ਲੈਣੀ। ਨਾਂ ਕੋਈ ਵਰਦੀ ਸੀ ਤੇ ਨਾ ਹੀ ਕੋਈ ਬੂਟ। ਸਾਰੇ ਮੁੰਡੇ ਕੁੜੀਆਂ ਆਪਣੇ ਘਰ ਵਿਚ ਪਾਉਣ ਵਾਲੇ ਕੱਪੜੇ ਪਾ ਕੇ ਸਕੂਲੇ ਆ ਜਾਂਦੇ ਸੀ। ਕਿਸੇ ਵਿਰਲੇ ਦਾ ਹੀ ਸਿਰ ਕੰਘੀ ਕੀਤਾ ਹੁੰਦਾ ਸੀ। ਜਿਨ੍ਹਾਂ ਬੱਚਿਆਂ ਦੇ ਪਿਉ ਫੌਜ ਵਿਚ ਨੌਕਰੀ ਕਰਦੇ ਸੀ, ਉਹ ਵੱਖਰੇ ਪਛਾਣੇ ਜਾਂਦੇ ਸੀ। ਸਿਰ ਵਾਹ ਕੇ ਉੱਤੇ ਜੂੜੇ ਤੇ ਰੁਮਾਲ ਪਾ ਕੇ, ਥੋੜ੍ਹੇ ਸਾਫ਼ ਕੱਪੜਿਆਂ ਵਾਲੇ ਸਿਰਫ਼ ਉਹ ਹੀ ਹੁੰਦੇ ਸਨ। ਖੇਤੀ ਕਰਨ ਵਾਲੇ ਪਰਿਵਾਰਾਂ ਦੇ ਬੱਚੇ ਉਵੇਂ ਹੀ ਲਿਬੜੇ ਤਿਬੜੇ ਸਕੂਲੇ ਆ ਜਾਂਦੇ ਸੀ। ਸ਼ਾਇਦ ਘਰ ਵਿਚ ਖੇਤੀ ਅਤੇ ਪਸ਼ੂਆਂ ਦੇ ਕੰਮ ਕਾਜ ਵਿਚ ਪਰਿਵਾਰ ਦਾ ਹੱਥ ਵਟਾਉਣ ਕਰਕੇ ਜਾਂ ਘਰ ਦੀ ਸੁਆਣੀ ਦਾ ਇਹਨਾਂ ਕੰਮਾਂ ਵਿਚ ਜ਼ਿਆਦਾ ਰੁੱਝੇ ਹੋਣ ਕਰਕੇ।

ਲੜਾਈ ਹੋਣ ਤੇ ਤੈਨੂੰ ਸਾਰੀ ਛੁੱਟੀ ਵੇਖਾਂਗਾ ਦਾ ਲਲਕਾਰਾ ਮਾਰਨਾ। ਦੋਸਤਾਂ ਦੇ ਗਰੁੱਪ ਨਾਲ ਵਿਰੋਧੀ ਨੂੰ ਰਾਹ ਵਿਚ ਘੇਰਨਾ। ਦੋਨੋਂ ਪਾਸਿਆਂ ਤੋਂ ਫੱਟੀਆਂ ਨੂੰ ਹਥਿਆਰ ਵਾਂਗੂੰ ਵਰਤਣਾ। ਰੌਲਾ ਜ਼ਿਆਦਾ ਹੋਣਾ ਪਰ ਸੱਟ ਇਕ ਦੂਜੇ ਨੂੰ ਬਚਾਅ ਕੇ ਹੀ ਮਾਰਨੀ। ਸਕੂਲੋਂ ਪਈ ਮਾਰ ਜਾਂ ਰਸਤੇ ਵਿਚ ਹੋਈ ਲੜਾਈ ਦਾ ਕਦੇ ਵੀ ਕਿਸੇ ਨੇ ਘਰ ਜਾ ਕੇ ਨਹੀਂ ਦੱਸਿਆ ਸੀ। ਮਾਸਟਰ ਵੀ ਕਾਲੇ ਚੋਰ ਜਿੰਨਾ ਕੁੱਟਦੇ ਸੀ। ਦੋਨਾਂ ਉਂਗਲਾਂ ਵਿਚ ਪੈਨਸਿਲ ਫਸਾ ਕੇ ਜਦੋਂ ਮਾਸਟਰ ਜੀ ਨੇ ਹੱਥ ਘੁੱਟਣਾ ਤੇ ਚੀਕਾਂ ਨਿਕਲ ਜਾਣੀਆਂ। ਇਕ ਲੱਤ ਉੱਤੇ ਚੁੱਕ ਕੇ ਮਰ ਗਿਆ, ਮਰ ਗਿਆ ਦੀਆਂ ਅਵਾਜ਼ਾਂ ਕੱਢਣੀਆਂ। ਛੁੱਟੀ ਹੋਣ ਵੇਲੇ ਰੌਲਾ ਪਾਉਂਦੇ, ਕਿਲਕਾਰੀਆਂ ਮਾਰਦੇ ਘਰਾਂ ਨੂੰ ਦੌੜ ਜਾਣਾ ਕਿਸੇ ਨੂੰ ਪਈ ਮਾਰ ਯਾਦ ਨਾ ਰਹਿਣੀ। ਕਿਸੇ ਨੇ ਕਿਸੇ ਦੂਜੇ ਦੇ ਘਰ ਵੀ ਮਾਰ ਦੀ ਗੱਲ ਨਾ ਦੱਸਣੀ। ਨਲਾਇਕ ਜਾਂ ਹੁਸ਼ਿਆਰ ਦੀ ਮਾਰ ਲਈ ਕਿਸੇ ਨਾ ਕਿਸੇ ਕਾਰਨ ਵਾਰੀ ਆ ਹੀ ਜਾਂਦੀ ਸੀ। ਅਸੀਂ ਪੜ੍ਹਾਈ ਵਿਚ ਚੰਗੇ ਸੀ ਪ੍ਰੰਤੂ ਮਾਸਟਰ ਜੀ ਵੱਲੋਂ ਵਾਰ-ਵਾਰ ਕਹਿਣਾ ਕਿ "ਤੁਹਾਨੂੰ ਸੂਈ ਦੇ ਨੱਕੇ ਵਿਚੋਂ ਲੰਘਾ ਦਿਆਂਗਾ" ਬਾਰੇ ਸੋਚ ਸੋਚ ਕੇ ਕੰਬੀ ਜਾਣਾ ਕਿ ਸੂਈ ਦਾ ਨੱਕਾ ਤਾਂ ਬਹੁਤ ਛੋਟਾ ਹੁੰਦਾ ਹੈ ਕਿਵੇਂ ਲੰਘਾਂਗੇ?

ਅੱਧੀ ਛੁੱਟੀ ਵੇਲੇ ਜਾਂ ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਛੂਹਣ ਛੁਹਾਈ, ਕੋਟਲਾ ਛਪਾਕੀ, ਗੁੱਲੀ ਡੰਡਾ, ਅੱਖਾਂ ਬੰਨ ਕੇ ਛੂਹਣ ਛੁਹਾਈ ਖੇਡਣਾ। ਸ਼ੈਤਾਨੀਆਂ ਕਰ ਕਰ ਕੇ ਹੱਸ ਹੱਸ ਦੂਹਰੇ ਹੋਈ ਜਾਣਾ। ਕਈ ਮੁੰਡਿਆਂ ਕੋਲ ਚਾਰ ਕੁ ਇੰਚ ਦੇ ਪੁਰਾਣੇ ਬੈਰਿੰਗ ਤੋਂ ਲੈ ਕੇ ਸਾਇਕਲ ਦੇ ਚੱਕੇ ਦੇ ਰਿਮ ਦੇ ਰੇਹੜੇ ਹੋਣੇ। ਛੋਟੇ ਰੇਹੜੇ ਨੂੰ ਇਕ ਲੋਹੇ ਦੀ ਤਾਰ ਦੇ ਹੇਠਲੇ ਹਿੱਸੇ ਵਿਚ ਬਣਾਏ ਯੂ ਨਾਲ ਫਸਾ ਕੇ ਹੱਥ ਵਿਚ ਉਪਰੋਂ ਤਾਰ ਫੜ ਕੇ ਧੱਕ ਕੇ ਨਾਲ-ਨਾਲ ਦੌੜਣਾ ਅਤੇ ਵੱਡੇ ਪਹੀਏ ਜਾਂ ਰਿਮ ਵਿਚ ਇਕ ਛੋਟਾ ਜਿਹਾ ਡੰਡਾ ਫਸਾ ਕੇ ਧੱਕ ਕੇ ਨਾਲ-ਨਾਲ ਦੌੜਣਾ ਜਿੰਨਾ ਕੋਲ ਇਹ ਰੇਹੜੇ ਹੁੰਦੇ ਸੀ ਉਹਨਾਂ ਦੀ ਸ਼ਾਨ ਹੀ ਵੱਖਰੀ ਹੁੰਦੀ ਸੀ। ਰੇਹੜੇ ਚਲਾਉਣ ਲਈ ਉਸ ਮੁੰਡੇ ਕੋਲੋਂ ਮੰਗਣਾ ਤੇ ਫਿਰ ਗਰਾਊਂਡ ਦੇ ਤਿੰਨ ਚਾਰ ਚੱਕਰ ਉਸ ਦੇ ਨਾਲ-ਨਾਲ ਤਰਲੇ ਮਾਰਦੇ ਦੌੜਦੇ ਰਹਿਣਾ। ਫਿਰ ਉਸ ਵੱਲੋਂ 'ਇਕ ਹੀ ਚੱਕਰ ਲਈ ਦਵਾਂਗਾ' ਕਹਿਣ ਤੇ ਰੇਹੜੇ ਲੈ ਕੇ ਚਲਾਉਣਾ। ਜਿਨ੍ਹਾਂ ਦੇ ਘਰਾਂ ਵਿਚ ਪੁਰਾਣੀ ਸਾਇਕਲ ਜਾਂ ਬੈਰੰਗ ਨੁਮਾ ਰੇਹੜਾ ਦਾ ਕਿਸੇ ਤਰ੍ਹਾਂ ਜੁਗਾੜ ਹੋ ਜਾਂਦਾ ਸੀ। ਉਨ੍ਹਾਂ ਦੀਆਂ ਕਿਆ ਬਾਤਾਂ ਸਨ। ਸਾਡੇ ਵਰਗਿਆਂ ਕੋਲ ਜਿਹਨਾਂ ਕੋਲ ਇਹ ਜੁਗਾੜ ਨਹੀਂ ਸੀ ਅਸੀਂ ਸਾਇਕਲ ਦਾ ਪੁਰਾਣਾ ਟਾਇਰ ਲੈ ਕੇ ਉਸ ਨੂੰ ਡੰਡੇ ਨਾਲ ਕੁੱਟ ਕੁੱਟ ਕੇ ਰੇੜ ਕੇ ਚਲਾਉਣਾ। ਛੁੱਟੀ ਤੋਂ ਬਾਅਦ ਕੱਚੀਆਂ ਗਲੀਆਂ ਜਿਨ੍ਹਾਂ ਦੇ ਵਿਚਕਾਰ ਨਾਲੀਆਂ ਹੁੰਦੀਆਂ ਸਨ ਉਥੇ ਵੀ ਬਿਨਾਂ ਪ੍ਰਵਾਹ ਦੇ ਗਿੱਲਾ ਸੁੱਕਾ ਚਲਾਉਂਦੇ ਹੀ ਰਹਿਣਾ।

ਸਿਆਲਾਂ ਦੀਆਂ ਧੁੰਧਾਂ ਵਿਚ ਪਰਾਲੀ ਜਾਂ ਨਿੱਕ ਸੁੱਕ ਇਕੱਠਾ ਕਰਕੇ ਧੂਣੀ ਬਾਲ ਕੇ ਸੇਕਣੀ। ਠੰਡ ਹੋਣ ਤੇ ਕੋਈ ਬਹੁਤੇ ਗਰਮ ਕੱਪੜੇ ਤਾਂ ਨਹੀਂ ਝੱਗੇ ਦੋ ਤਿੰਨ ਹੇਠਾਂ ਉੱਤੇ ਪਾ ਲੈਣੇ। ਸਾਰੇ ਸਕੂਲ ਦਾ ਪਾਣੀ ਪੀਣ ਦਾ ਸਾਧਨ ਇਕੋ ਇਕ ਨਲਕਾ ਜਿਸ ਦਾ ਬੋਰ ਵੀ ਬਹੁਤਾ ਡੂੰਘਾ ਨਹੀਂ ਸੀ ਹੁੰਦਾ। ਮਾਸਟਰ ਭੈਣਜੀਆਂ ਵੀ ਉਥੋਂ ਹੀ ਪਾਣੀ ਪੀਂਦੇ। ਕਿਸੇ ਨੂੰ ਪੇਟ ਜਾਂ ਕੋਈ ਹੋਰ ਬੀਮਾਰੀ ਨੇ ਕਦੀ ਛੂਹਿਆ ਵੀ ਨਹੀਂ ਸੀ। ਮਾਸਟਰ ਜੀ ਦਾ ਸਾਇਕਲ ਦੂਰੋਂ ਆਉਂਦਾ ਵੇਖ ਕੇ ਭੱਜ ਕੇ ਅੱਗੋਂ ਜਾ ਕੇ ਖੇਤਾਂ ਦੀ ਡੰਡੀ ਤੇ ਹੀ ਜਾ ਮਿਲਣਾ। ਕੁਝ ਦੂਰ ਤੱਕ ਮਾਸਟਰ ਜੀ ਦੇ ਸਾਇਕਲ ਦੇ ਨਾਲ-ਨਾਲ ਦੌੜਨਾ ਫਿਰ ਮਾਸਟਰ ਜੀ ਨੇ ਵੀ ਸਾਇਕਲ ਰੋਕ ਥੱਲੇ ਉਤਰ ਕੇ ਨਾਲ-ਨਾਲ ਪੈਦਲ ਤੁਰਨਾ ਤੇ ਕਹਿਣਾ "ਤੁਹਾਨੂੰ ਮੈਂ ਕਿੰਨੀ ਵਾਰ ਕਿਹਾ ਤੁਸੀਂ ਅੱਗੋਂ ਨਾਂ ਆਇਆ ਕਰੋ।" ਪ੍ਰੰਤੂ ਅਸੀਂ ਨਾ ਹਟਣਾ। ਅਗਲੇ ਦਿਨ ਫਿਰ ਦੌੜ ਪੈਣਾ। ਬੜਾ ਡਰ ਤੇ ਇੱਜ਼ਤ ਸੀ ਉਸਤਾਦਾਂ ਦੀ। ਛੁਟੀ ਵਾਲੇ ਦਿਨ ਪਿੰਡ ਦੀ ਕਿਸੇ ਗਲੀ ਵਿਚ ਮਾਸਟਰ ਜੀ ਦਿਸ ਪੈਣੇ ਤਾਂ ਭੱਜ ਕੇ ਗਲੀ ਬਦਲ ਲੈਣੀ ਜਾਂ ਪਿੱਛੇ ਹੀ ਮੁੜ ਜਾਣਾ। ਕੋਈ ਡਰ ਨਹੀਂ ਸੀ ਪ੍ਰੰਤੂ ਇੱਜ਼ਤ ਸਤਿਕਾਰ ਦਾ ਪੱਧਰ ਹੀ ਬੜਾ ਉੱਚੀ ਹੁੰਦਾ ਸੀ। ਨਤੀਜੇ ਵਾਲੇ ਦਿਨ ਮੁੱਖ ਅਧਿਆਪਕ ਜੀ ਨੇ ਸਿਰਫ਼ ਇਕ ਦੋ ਫੇਲ੍ਹ ਵਿਦਿਆਰਥੀਆਂ ਦੇ ਨਾਮ ਬੋਲਣੇ ਬਾਕੀ ਸਾਰੀ ਕਲਾਸ ਪਾਸ ਕਹਿੰਦਿਆਂ ਹੀ ਕਿਲਕਾਰੀਆਂ ਮਾਰਦੇ ਘਰਾਂ ਨੂੰ ਦੌੜ ਆਉਣਾ ਤੇ ਅਗਲੀ ਕਲਾਸ ਲਈ ਪੁਰਾਣੀਆਂ ਕਿਤਾਬਾਂ ਲੈਣ ਲਈ ਪਾਸ ਹੋਏ ਮੁੰਡਿਆਂ ਕੁੜੀਆਂ ਦੇ ਘਰ ਚੱਕਰ ਮਾਰਨੇ ਸ਼ੁਰੂ ਕਰ ਦੇਣੇ। ਪਾਸ ਹੋਇਆਂ ਵੱਲੋਂ ਪੁਰਾਣੀਆਂ ਕਿਤਾਬਾਂ ਦੇ ਪੈਸੇ ਲੈਣ ਦਾ ਰਿਵਾਜ਼ ਨਹੀਂ ਸੀ।

ਬਹੁਤੀਆਂ ਕਿਤਾਬਾਂਤਾਂ ਆਪਣੇ ਸ਼ਰੀਕੇ ਜਾਂ ਚਾਚੇ ਤਾਏ ਦੇ ਬੱਚਿਆਂ ਕੋਲੋਂ ਹੀ ਮਿਲ ਜਾਂਦੀਆਂ ਸਨ। ਅਧਿਆਪਕਾ ਦਾ ਬਹੁਤ ਸਤਿਕਾਰ ਸੀ। ਅਧਿਆਪਕ ਵੀ ਹਰ ਵਿਦਿਆਰਥੀ ਸੰਬੰਧੀ ਜਾਤੀ ਤੌਰ 'ਤੇ ਗਿਆਨ ਰੱਖਦੇ ਸੀ ਤੇ ਕਮੀ ਹੋਣ ਤੇ ਚਿੰਤਾ ਜ਼ਾਹਿਰ ਕਰਦੇ ਸੀ। ਬਿਨਾਂ ਵਾਧੂ ਪੈਸੇ ਲੈ ਕੇ ਵਾਧੂ ਸਮਾਂ ਪੜ੍ਹਾ ਵੀ ਦਿੰਦੇ ਸੀ। ਇਹੋ ਕਾਰਨ ਸੀ ਕਿ ਮੇਰੇ ਨਾਲ ਮੁੱਢਲੀ ਪੜ੍ਹਾਈ ਸ਼ੁਰੂ ਕਰਨ ਵੇਲੇ ਮੇਰੇ ਕਈ ਜਮਾਤੀ ਆਪਣੀ ਜ਼ਿੰਦਗੀ ਵਿਚ ਆਪਣੀ-ਆਪਣੀ ਜਗ੍ਹਾ ਤੇ ਬੜੇ ਕਾਮਯਾਬ ਹੋਏ। ਕਈ ਫੌਜ ਵਿਚ ਚਲੇ ਗਏ, ਕਈ ਅਧਿਆਪਕ, ਇੰਜੀਨੀਅਰ, ਡਾਕਟਰ ਤੇ ਸਿਵਲ ਅਫ਼ਸਰ ਵੀ ਬਣੇ। ਜਦੋਂ ਕਦੇ ਮਿਲਦੇ ਹਾਂ ਤਾਂ ਪ੍ਰਾਇਮਰੀ ਸਕੂਲ ਦਾ ਉਹ ਸਮਾਂ ਜ਼ਰੂਰ ਯਾਦ ਆਉਂਦਾ ਹੈ।

# ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**



ਭਾਰਤ ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਦੋਵੇਂ ਦੇਸ਼ ਇਕ ਹੀ ਸਨ। ਸਮੇਂ ਦੇ ਨਾਲ-ਨਾਲ ਵੰਡੀਆਂ ਪਈਆਂ ਤੇ ਇਹ ਵੱਸਦਾ ਰੱਸਦਾ ਦੇਸ਼ ਦੋ ਭਾਗਾਂ ਵਿਚ ਵੰਡਿਆ ਗਿਆ। ਇਥੇ ਇਹ ਕਹਿਣਾ ਕਿ ਕਿਸਦੀ ਗਲਤੀ ਨਾਲ ਹੋਇਆ ਜਾਂ ਕਿਸ ਨੇ ਕਰਵਾਇਆ ਠੀਕ ਨਹੀਂ ਹੋਵੇਗਾ। ਪਰ ਇਹੋ ਜਿਹੇ ਇਤਿਹਾਸ ਨੂੰ ਮੁੜ ਕੇ ਸੁਰਜੀਤ ਕਰਦੇ ਸਮੇਂ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ। ਅਸੀਂ ਗਲ ਕਰੀਏ ਕਿ ਜਦੋਂ ਵੰਡੀਆਂ ਪਈਆਂ ਇਸ ਤੋਂ ਪਹਿਲਾਂ ਕਿਹੋ ਜਿਹਾ ਮਾਹੌਲ ਸੀ? ਕਿਉਂ ਅੱਜ ਵੀ ਨਨਕਾਣਾ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ? ਅੱਜ ਗੱਲ ਨਨਕਾਣਾ ਸਾਹਿਬ ਦੀ ਨਹੀਂ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਕਰਨੀ ਬਣਦੀ ਹੈ। ਭਾਵੇਂ ਕਿ ਸਾਰੇ ਹੀ ਇਨ੍ਹਾਂ ਗੱਲਾਂ ਤੋਂ ਭਲੀ ਪ੍ਰਕਾਰ ਜਾਣੂ ਹਨ, ਪਰ ਇਹ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਹੁਤ ਸਾਰੇ ਸਥਾਨ ਐਸੇ ਹਨ ਜੋ ਕਿ ਸਿੱਖੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਣਗੌਲਿਆ ਕੀਤੇ ਗਏ ਹਨ ਜਾਂ ਅਣਗੌਲਿਆ ਹੋ ਰਹੇ ਹਨ।

ਬਹੁਤ ਸਾਰੇ ਧਾਰਮਿਕ ਅਸਥਾਨਾਂ ਵਿਚੋਂ ਅੱਜ ਅਸੀਂ ਵਰਨਣ ਕਰਾਂਗੇ ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲ੍ਹਾ ਲਾੜਕਾਣਾ, ਸਿੰਧ। ਬੁਲਾਣੀ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ। ਨਾਨਕ ਪੰਥੀ ਹਿੰਦੂ ਪੁਜਾਰੀ ਹਨ। ਰੋਜ਼ ਪ੍ਰਕਾਸ਼ ਹੁੰਦਾ ਹੈ। ਇਥੇ ਹੀ ਨੂਰ ਨੁਸਰਤ ਨਾਮ ਦੇ ਇਕ ਆਜੜੀ ਨੇ ਆਪ ਵੀ ਸੇਵਾ ਕੀਤੀ ਤੇ ਬਰਕਤਾਂ ਵਾਸਤੇ ਦੁਆ ਪੁੱਛੀ। ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂ ਛੱਡਣ ਵਿਚ ਹਨ। ਇਥੇ ਹੀ ਦਾਊਦ ਨਾਮੀ ਇਕ ਜੁਲਾਹੇ ਨੇ ਆਪ ਨੂੰ ਇਕ ਅਨਮੁੱਲਾ, ਗਲੀਚਾ ਪੇਸ਼ ਕੀਤਾ ਤੇ ਆਪ ਨੇ ਉਹ ਗਲੀਚਾ ਇਕ ਤਾਜੀ ਸੂਈ ਕੁੱਤੀ ਤੇ ਬੱਚਿਆਂ ਦੇ ਥੱਲੇ ਵਿਛਾ ਦਿੱਤਾ ਜੋ ਠੰਢ ਵਿਚ ਠਰ ਰਹੇ ਸਨ ਅਤੇ ਫਰਮਾਇਆ ਕਿ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ। ਆਪ ਜੀ ਨੇ ਸਮਝਾਉਣਾ ਕੀਤਾ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁੱਖੀ ਹੋਵੇ। ਇਸ ਅਸਥਾਨ ਤੇ ਹੁੰਮ ਹੁੰਮਾ ਕੇ ਸੰਗਤ ਆਉਂਦੀ ਹੈ ਤੇ ਗੁਰੂ ਨਾਨਕ ਦੀਆਂ ਖੁਸ਼ੀਆਂ ਬਟੋਰਦੀ ਹੈ। ਗੁਰੂ ਕਾ ਲੰਗਰ ਵੀ ਚਲਦਾ ਰਹਿੰਦਾ ਹੈ।

ਸਿੰਧ ਵਿਚ ਹੀ ਗੁਰਦੁਆਰਾ ਨਨਕਾਣਾ ਕੰਧਕੋਟ, ਜ਼ਿਲ੍ਹਾ ਜੈਕਬਆਬਾਦ (ਸਿੰਧ) ਪੈਂਦਾ ਹੈ। ਇਹ ਪਾਵਨ ਅਸਥਾਨ ਸੁਨਿਆਰ ਬਾਜ਼ਾਰ ਅੰਦਰ ਸਥਿਤ ਹੈ। ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਂਦਾ ਹੈ। ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਧੰਨਾ ਸਿੰਘ ਜੀ ਪੁਜਾਰੀ ਸਨ (ਪਰ ਹੁਣ ਕੌਣ ਹੇ ਇਸ ਬਾਰੇ ਕੋਈ ਪਤਾ ਨਹੀਂ ਚੱਲ ਸਕਿਆ)।

ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂੰਮਾਨ ਜੀ ਦਾ ਮੰਦਰ ਵੀ ਸਥਿਤ ਹੈ। ਇਹਨਾਂ ਸਾਰਿਆਂ ਤੇ ਪੂਜਾ ਹੁੰਦੀ ਹੈ (ਵੇਰਵਾ : ਇਕਬਾਲ ਕੈਸਰ ਜੀ ਦੀ ਕਿਤਾਬ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ) ਦਿਵਾਲੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਤੇ ਭਾਰੀ ਦੀਵਾਨ ਸੱਜਦੇ ਹਨ। ਇਥੇ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ ਹੈ। ਦਰਬਾਰ ਹੀ ਬਹੁਤ ਸੁਹਣਾ ਅਤੇ ਦੋ ਮੰਜ਼ਲਾਂ ਬਣਿਆ ਹੋਇਆ ਹੈ। ਭਾਵੇਂ ਕਿ ਕਾਫੀ ਸਦੀਆਂ ਬੀਤ ਗਈਆਂ ਹਨ ਪਰ ਸੰਗਤ ਦਾ ਅੱਜ ਵੀ ਗੁਰੂ ਨਾਨਕ ਦੇਵ ਜੀ ਨਾਲ ਅਥਾਹ ਪਿਆਰ ਤੇ ਸਤਿਕਾਰ ਬਰਕਰਾਰ ਹੈ।

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥**

## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਫਰਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ




ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਜੀ ਨੇ 02-02-2018 ਨੂੰ ਗੋਰਮਿੰਟ ਸੀਨੀਅਰ ਸੈਕੰਡਰੀ ਸਕੂਲ ਬੂਟਾ ਸਿੰਘ ਵਾਲਾ ਜਿਲ੍ਹਾ ਮੁਹਾਲੀ ਦੇ ਸਲਾਨਾਂ ਸਮਾਗਮ ਸਮਾਰੋਹ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ। ਇਸ ਸਮਾਰੋਹ ਵਿਚ ਪ੍ਰਧਾਨ ਜੀ ਨੇ ਉੱਥੇ ਹੁਸ਼ਿਆਰ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵੱਲੋਂ ਸਕਾਲਰਸ਼ਿਪ ਦੇ ਚੈੱਕ ਵੰਡੇ ਅਤੇ ਹੋਰ ਸਕੂਲ ਦੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਹੋਰ ਵੀ ਮਿਹਨਤ ਕਰਨ ਆਪਣੇ ਦੇਸ਼ ਅਤੇ ਮਾਤਾ-ਪਿਤਾ ਦਾ ਨਾਂ ਰੋਸ਼ਨ ਕਰਨ। ਇਸ ਸਮਾਰੋਹ ਵਿਚ ਇਲਾਕੇ ਦੇ ਪਤਵੰਤੇ ਸਜਣਾਂ ਅਤੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਲੁਬਾਣਾ ਭਵਨ ਜਿੱਥੇ ਜ਼ਰੂਰਤਮੰਦਾਂ ਦੀ ਮਦੱਦ ਕਰ ਰਿਹਾ ਹੈ ਉੱਥੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਵੀ ਕਰ ਰਿਹਾ ਹੈ।

ਸ. ਜਗੀਰ ਸਿੰਘ ਲਾਲੀਆ ਪ੍ਰਧਾਨ, ਸ. ਬਲਵਿੰਦਰ ਸਿੰਘ ਵਾਇਸ ਪ੍ਰਧਾਨ, ਸ. ਹਰਦਿਆਲ ਸਿੰਘ ਘੋਤੜਾ ਵਿੱਤ ਸਕੱਤਰ, ਸ. ਰਵਿੰਦਰ ਸਿੰਘ ਸਕੱਤਰ ਨੇ ਬੇਗੋਵਾਲ ਵਿਖੇ 03-02-2018 ਨੂੰ ਕੋਚਿੰਗ ਸੈਂਟਰ ਦੀ ਮੀਟਿੰਗ ਵਿਚ ਭਾਗ ਲਿਆ। ਇਸ ਮੀਟਿੰਗ ਵਿਚ ਪ੍ਰਧਾਨ ਜੀ ਨੇ ਕੋਚਿੰਗ ਸੈਂਟਰ ਦੇ ਕਨਵੀਨੀਅਰ ਸ. ਜੋਗਿੰਦਰ ਸਿੰਘ ਅਜੈਬ ਅਤੇ ਕੋ. ਕਨਵੀਨੀਅਰ ਸ. ਹਰਜੀਤ ਸਿੰਘ ਯੂ.ਐਸ.ਏ. ਨੂੰ ਬੇਨਤੀ ਕੀਤੀ ਕਿ ਇਸ ਕੋਚਿੰਗ ਸੈਂਟਰ ਨੂੰ ਕਾਮਯਾਬ ਬਣਾਇਆ ਜਾਵੇ ਤਾਂ ਜੋ ਜਿਹੜੀਆਂ ਪੁਲਿਸ ਮਹਿਕਮੇ ਦੀਆਂ ਆਸਾਮੀਆਂ ਨਿਕਲੀਆਂ ਹਨ ਉਹਨਾਂ ਵਿਚ ਵੱਧ ਤੋਂ ਵੱਧ ਬੱਚੇ ਅਪਲਾਈ ਕਰ ਸਕਣ। ਮੀਟਿੰਗ ਵਿਚ ਕੁਝ ਮੈਂਬਰਾਂ ਤੋਂ ਇਲਾਵਾ ਸਭ ਮੈਂਬਰ ਹਾਜ਼ਰ ਹੋਏ ਅਤੇ ਸਭ ਨੇ ਇਸ ਕੋਚਿੰਗ ਸੈਂਟਰ ਨੂੰ ਕਾਮਯਾਬ ਕਰਨ ਦਾ ਵਾਇਦਾ ਕੀਤਾ। ਇਸ ਮੀਟਿੰਗ ਵਿਚ ਕੁਝ ਨਵੇਂ ਮੈਂਬਰ ਵੀ ਹਾਜ਼ਰ ਹੋਏ। ਮਿਸ ਮਨਜੀਤ ਕੌਰ ਲਾਲੀਆ ਵੀ ਇਸ



ਮੀਟਿੰਗ ਵਿਚ ਹਾਜ਼ਰ ਹੋਈ। ਉਹਨਾਂ ਨੇ ਵੀ ਬੜਾ ਉਤਸ਼ਾਹ ਵਿਖਾਇਆ। ਮਿਸ ਮਨਜੀਤ ਕੌਰ ਲਾਲੀਆ ਨੂੰ ਵੀ ਇਸ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ।

ਰਿਜ਼ਨਲ ਪ੍ਰਧਾਨਾਂ ਦੀ ਮੀਟਿੰਗ 13-02-2018 ਨੂੰ ਕੀਤੀ ਗਈ ਮੌਸਮ ਦੀ ਖਰਾਬੀ ਕਾਰਨ ਬਹੁਤੇ ਮੈਂਬਰ ਹਾਜ਼ਰ ਨਹੀਂ ਹੋ ਸਕੇ। ਸਾਰੇ ਮੈਂਬਰਾਂ ਨੂੰ ਅਗਲੀ ਮੀਟਿੰਗ ਵਿਚ ਹਾਜ਼ਰ ਹੋਣ ਲਈ ਬੇਨਤੀ ਕੀਤੀ ਗਈ। ਯੂ.ਪੀ.ਐਸ.ਈ., ਰੇਲਵੇ ਅਤੇ ਬੈਂਕਾਂ ਦੀਆਂ ਆਸਾਮੀਆਂ ਨਿਕਲੀਆਂ ਹਨ ਸਭ ਦੀਆਂ ਕਾਪੀਆਂ ਕਰਕੇ ਭੇਜ ਦਿੱਤੀਆਂ ਗਈਆਂ ਹਨ ਅਤੇ ਬੇਨਤੀ ਕੀਤੀ ਗਈ ਹੈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਅਪਲਾਈ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਮੈਗਜ਼ੀਨ ਵਿੱਚ ਵੀ ਇਨ੍ਹਾਂ ਆਸਾਮੀਆਂ ਬਾਰੇ ਵੇਰਵਾ ਦਿੱਤਾ ਗਿਆ ਹੈ। ਸਭ ਮੈਗਜ਼ੀਨ ਪੜ੍ਹਨ ਵਾਲਿਆਂ ਨੂੰ ਪ੍ਰਧਾਨ ਜੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਬੱਚੇ ਮਿਹਨਤ ਕਰਕੇ ਨੌਕਰੀਆਂ ਵਿੱਚ ਆ ਸਕਣ।

ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਵੱਲੋਂ ਅਤੇ ਕੈਥੱਲ ਦੇ ਹੋਟਲ ਸਮ੍ਰਾਟ ਪਹੇਵਾ ਵਿਚ ਇਕ ਬਹੁਤ ਵਧੀਆ ਸਮਾਰੋਹ 19-02-2018 ਨੂੰ ਆਯੋਜਿਤ ਕੀਤਾ ਜਿਸ ਵਿਚ ਪਹੇਵਾ ਅਤੇ ਕੈਥੱਲ ਏਰੀਏ ਦੇ ਤਕਰੀਬਨ 30-40 ਪਿੰਡਾਂ ਦੇ ਸਰਪੰਚ, ਪੰਚ, ਲੰਬੜਦਾਰ ਅਤੇ ਹੋਰ ਹੇਠ ਲਿਖੇ ਪਤਵੰਤੇ ਸੱਜਣਾਂ ਨੇ ਭਾਗ ਲਿਆ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵੱਲੋਂ ਸ. ਜਗੀਰ ਸਿੰਘ ਲਾਲੀਆ ਪ੍ਰਧਾਨ, ਸ.ਬਲਵਿੰਦਰ ਸਿੰਘ ਮੀਤ ਪ੍ਰਧਾਨ, ਸ.ਗੁਲਸ਼ਨ ਕੁਮਾਰ ਸਿੰਘ ਮੀਤ ਪ੍ਰਧਾਨ ਅਤੇ ਸ. ਹਰਦਿਆਲ ਸਿੰਘ ਘੋਤੜਾ ਵਿੱਤ ਸਕੱਤਰ ਨੇ ਭਾਗ ਲਿਆ।

ਹੇਠ ਲਿਖੇ ਪਤਵੰਤੇ ਸਜੱਣਾਂ ਨੇ ਮੀਟਿੰਗ ਨੂੰ ਸੰਬੋਧਨ ਕੀਤਾ:-

1. ਸ. ਹਰਭਜਨ ਸਿੰਘ ਸਮਾਣਾ ਮੈਂਬਰ ਐਸ.ਜੀ.ਪੀ.ਸੀ.
2. ਸ. ਰਣਜੀਤ ਸਿੰਘ (ਐਕਸ. ਮੈਨੇਜਰ ਐਫ.ਸੀ.ਆਈ.)
3. ਸ. ਗੁਰਚਰਨ ਸਿੰਘ ਸਰਪੰਚ
4. ਸ. ਗਿਆਨ ਸਿੰਘ (ਐਕਸ ਸੈਕਰੇਟਰੀ)
5. ਸ. ਕੁਲਵੰਤ ਸਿੰਘ (ਐਕਸ ਚੇਅਰਮੈਨ)
6. ਸ. ਜਗਤਾਰ ਸਿੰਘ ਸੈਕਰੇਟਰੀ

ਸਭ ਨੇ ਸੰਬੋਧਨ ਕਰਦਿਆਂ ਪ੍ਰਧਾਨ ਜੀ ਅਤੇ ਮੈਨੇਜਮੈਂਟ ਦਾ ਸ. ਰਣਜੀਤ ਸਿੰਘ ਨੂੰ ਰੀਜ਼ਨਲ ਪ੍ਰਧਾਨ ਨਿਯੁਕਤ ਕਰਨ ਤੇ ਧੰਨਵਾਦ ਕੀਤਾ ਅਤੇ ਹਰ ਕੇਸ ਵਿਚ ਸਹਿਯੋਗ ਕਰਨ ਦਾ ਵਾਇਦਾ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਪੇਹਵਾ ਅਤੇ ਕੈਥੱਲ ਦੇ ਸਭ ਪਿੰਡ ਭਵਨ ਦੇ ਹਰ ਕੰਮ ਵਿਚ ਸਹਿਯੋਗ ਦੇਣਗੇ। ਪ੍ਰਧਾਨ ਜੀ ਨੇ ਆਖੀਰ ਵਿਚ ਇਹ ਸਮਾਰੋਹ ਆਯੋਜਨ ਕਰਨ ਦਾ ਸ.ਰਣਜੀਤ ਸਿੰਘ ਦਾ ਧੰਨਵਾਦ ਕੀਤਾ ਅਤੇ ਸ. ਹਰਭਜਨ ਸਿੰਘ ਸਮਾਣਾ ਮੈਂਬਰ ਐਸ.ਜੀ.ਪੀ.ਸੀ. ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜੀ ਨੇ ਦੱਸਿਆ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਨੇ ਤਿੰਨ ਮੁੱਖ ਵਿਸ਼ੇ ਜਿਸ ਤਰ੍ਹਾਂ ਵਿੱਦਿਆ, ਸਿਹਤ ਅਤੇ ਸਮਾਜ ਸੁਧਾਰ ਬਾਰੇ ਉਪਰਾਲੇ ਕਰਨ ਦਾ ਟੀਚਾ ਮਿਥਿਆ ਹੈ ਜਿਸਨੂੰ ਨੇਪੜੇ ਚਾੜ੍ਹਨ ਲਈ ਵੱਧ ਤੋਂ ਵੱਧ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪ੍ਰਧਾਨ ਜੀ ਨੂੰ ਭਵਨ ਦੀਆਂ ਗਤੀਵਿਧੀਆਂ ਬਾਰੇ ਕਾਫੀ ਵਿਸਥਾਰ ਨਾਲ ਦੱਸਿਆ। ਸਾਰੇ ਇਕੱਠ ਨੇ ਵਿਸ਼ਵਾਸ ਦਿਵਾਇਆ ਕੇ ਅਸੀਂ ਸਭ ਮੈਂਨੇਜਮੈਂਟ ਨਾਲ ਸਹਿਮਤ ਹਾਂ ਅਤੇ ਸ. ਰਣਜੀਤ ਸਿੰਘ ਦੀ ਅਗਵਾਹੀ ਵਿੱਚ ਪੂਰਾ ਸਹਿਯੋਗ ਦਿਆਂਗੇ



ਅਤੇ ਭਵਨ ਦੀ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਹਿੱਸਾ ਲਵਾਂਗੇ।

ਯੂਨੀਅਨ ਟੈਰੀਟਰੀ ਚੰਡੀਗੜ੍ਹ ਵਿਚ ਹਰ ਸਾਲ ਬਗੀਚਿਆਂ ਦਾ ਵਧੀਆ ਰੱਖ ਰਖਾਉ ਅਤੇ ਸੁੰਦਰਤਾ ਦਾ ਪਹਿਲਾ ਇਨਾਮ ਵੰਡਿਆ ਜਾਂਦਾ ਹੈ।



ਯੂਨੀਅਨ ਟੈਰੀਟਰੀ ਦੀ ਇੰਨਸਪੈਕਸ਼ਨ ਟੀਮ 21-02-2018 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵਿਚ ਆਈ ਅਤੇ ਭਵਨ ਦਾ ਬਗੀਚਾ ਦੇਖ ਕੇ ਬਹੁਤ ਖੁਸ਼ ਹੋਈ ਅਤੇ ਭਵਨ ਦਾ ਬਗੀਚੇ ਨੂੰ ਪਹਿਲਾ ਸਥਾਨ ਪ੍ਰਮਾਣਿਤ ਕੀਤਾ ਜਿਸ ਦਾ ਇਨਾਮ ਵੰਡ ਸਮਾਗਮ 24-02-2018 ਨੂੰ ਹੋ ਰਿਹਾ ਹੈ।

**ਮੈਡੀਕਲ ਵਿੰਗ ਬਾਰੇ:-**

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਵਿਚ ਚੱਲ ਰਹੇ ਹਨ।ਫਰਵਰੀ ਮਹੀਨੇ ਵਿਚ ਵੇਰਵਾ ਇਸ ਤਰ੍ਹਾਂ ਹੈ:-

| | |
|---|---|
| ਮੈਡੀਕਲ ਓ.ਪੀ.ਡੀ. | 170 |
| ਮੈਡੀਕਲ ਲੈਬ | 61 |
| ਡੈਂਟਲ ਕਲੀਨਿਕ | 30 |

**ਮੈਡੀਕਲ ਕੈਂਪ ਬਾਰੇ:-**

ਫਰਵਰੀ ਦੇ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ 12 ਕੈਂਪ ਲਗਾਏ ਗਏ।ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:-

| **ਲੜੀ ਨੰ.** | **ਸਥਾਨ** | **ਕੈਂਪ** | **ਮਰੀਜ਼** |
|---|---|---|---|
| 1. | ਜੰਡੂ ਸਿੰਘਾਂ (ਜਲੰਧਰ) | 3 | 61,50,45 |
| 2. | ਮਿੱਠਾ ਬਸਤੀ (ਜਲੰਧਰ) | 2 | 44,45 |
| 3. | ਨਡਾਲਾ (ਕਪੂਰਥਲਾ) | 1 | 54 |
| 4. | ਅਰਜਨ ਨਗਰ | 2 | 45,52 |
| 5. | ਸ਼ਹਿਦਪੁਰ ਨਗਰ ਨੰਡਾਲਾ (ਕਪੂਰਥਲਾ) | 1 | 66 |
| 6. | ਅਦਰਸ਼ ਨਗਰ | 2 | 55,45 |
| 7. | ਗੁਰੂ ਤੇਗ ਬਹਾਦਰ ਨਗਰ (ਜਲੰਧਰ) | 1 | 48 |

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,**

**(ਰਜਿ.) ਸੈਕਟਰ-30ਏ ਚੰਡੀਗੜ੍ਹ**

# ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਨੇ ਪਹੇਵਾ ਅਤੇ ਕੌਂਸਲ ਦੇ ਪਤਵੰਤੇ ਸੱਜਣਾਂ ਦੀ ਹੋਟਲ ਸਮਰਾਟ ਵਿਚ ਬੁਲਾਈ ਮੀਟਿੰਗ ਦੇ ਦ੍ਰਿਸ਼





# ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਨੇ ਪਹੇਵਾ ਅਤੇ ਕੌਂਸਲ ਦੇ ਪਤਵੰਤੇ ਸੱਜਣਾਂ ਦੀ ਹੋਟਲ ਸਮਰਾਟ ਵਿਚ ਬੁਲਾਈ ਮੀਟਿੰਗ ਦੇ ਦ੍ਰਿਸ਼





# ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਨੇ ਪਹੇਵਾ ਅਤੇ ਕੌਂਸਲ ਦੇ ਪਤਵੰਤੇ ਸੱਜਣਾਂ ਦੀ ਹੋਟਲ ਸਮਰਾਟ ਵਿਚ ਬੁਲਾਈ ਮੀਟਿੰਗ ਦੇ ਦ੍ਰਿਸ਼





# I.T.B.P.

# (Indo Tibet Border Police)

## ***134 Constable Driver***

**Education** 10th with Ltv/Lmv/Hmv Licence & 2 Years Experience

**Age** 21 to 27 (Relexation Sc/St 5 Years & Obc 3 Years as per rules)

**Fees** For Gen/Obc 100/-

**Apply online** 14 Feb to 15 Mar 2018

# INDIAN ARMY

## ***Rally Schedule***

(GD, Clerk, Trade & Nursing)

For SAS Nagar, Ludhiana, Roopnagar & Moga Dist

Rally Start 01 Apr 2018 to 10 Apr 2018 at Ludhiana

**Apply Online** 31 Jan 2018 to 16 Mar 2018

# ਰੁੱਖ

ਜੋਗਿੰਦਰ ਸਿੰਘ ਅਜੈਬ
ਆਊਟਲਾਈਨ ਐਡੀਟਰ
98152-69145

ਪ੍ਰਕਿਰਤੀ ਵਿਚ ਸਾਵਾਂਪਣ ਬਣਾਈ ਰੱਖਣ ਲਈ ਰੁੱਖਾਂ ਦੀ ਕਾਰਜਾਤਮਕ ਮਹੱਤਤਾ ਹੈ। ਜੇ ਧਰਤੀ ਉਤੇ ਰੁੱਖ ਜਾਂ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਰਤਮਨ ਸਮੇਂ ਵਿਚ ਧਰਤੀ ਉਤੇ ਹੋ ਰਹੀ ਜੰਗਲਾਂ ਦੀ ਲਗਾਤਾਰ ਅਤੇ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਕਰੁਚੀ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਹੀ ਹੈ ਜਿਸ ਦਾ ਸਿੱਟਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਸਭਿਆਚਾਰਕ ਪ੍ਰਸੰਗ ਵਿਚ ਰੁੱਖਾਂ ਦਾ ਮਨੁੱਖੀ ਜ਼ਿੰਦਗੀ ਨਾਲ ਅਟੁੱਟ ਰਿਸ਼ਤਾ ਹੈ ਕਿਉਂਕਿ ਜੁਗਾਂ-ਜੁਗਾਂਤਰਾਂ ਤੋਂ ਇਹ ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਵੇਦਾਂ, ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕ੍ਰਿਤਕ ਮਹੱਤਤਾ ਦਰਸਾਈ ਗਈ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਇਸ ਕਰਕੇ ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ।

'ਪਿੱਪਲ' ਪੰਜਾਬੀ ਸੱਭਿਆਚਾਰ ਵਿਚ ਇਕ ਬਹੁ ਮੰਤਵੀ ਰੁੱਖ ਵਜੋਂ ਵਿਚਰਦਾ ਹੈ। ਆਪਣੇ ਪਿਆਰ ਨੂੰ ਘਰ ਦੀ ਨਿਸ਼ਾਨੀ ਦੱਸਣ ਲਈ ਕਈ ਵਾਰ ਮੁਟਿਆਰ ਨੂੰ ਬੂਹੇ ਮੂਹਰੇ ਲੱਗੇ ਪਿੱਪਲ ਦਾ ਸਹਾਰਾ ਲੈਣਾ ਪੈਂਦਾ ਹੈ। ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲਈ ਪਿੱਪਲ ਨੂੰ 'ਸੱਚੇ ਮਿੱਤਰ' ਦਾ ਦਰਜਾ ਪ੍ਰਾਪਤ ਹੈ।

'ਬੋਹੜ' ਦਾ ਰੁੱਖ ਆਪਣੀ ਵਡੇਰੀ ਉਮਰ ਅਤੇ ਸੰਘਣੇਪਣ ਲਈ ਪ੍ਰਸਿੱਧ ਹੈ। ਇਹ ਕਈ ਸੌ ਸਾਲ ਜਿਉਂਦਾ ਰਹਿੰਦਾ ਹੈ ਅਤੇ 70 ਤੋਂ 100 ਫੁੱਟ ਤੱਕ ਉਚਾ ਹੋ ਜਾਂਦਾ ਹੈ। ਇਸ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਦੂਰ ਤੱਕ ਆਪਣੀ ਪਕੜ ਬਣਾਈ ਰੱਖਦੀਆਂ ਹਨ। ਪੁਰਾਣੇ ਸਮੇਂ ਵਿਚ ਰਿਸ਼ੀ ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਸ਼ਾਇਦ ਏਸੇ ਕਰਕੇ ਕਈ ਲੋਕ ਬੋਹੜ ਦੇ ਰੁੱਖ ਦੀ ਪੂਜਾ ਕਰਦੇ ਹਨ। ਬੋਹੜ ਨੂੰ ਬੜ ਜਾਂ ਬਰੋਟਾ ਵੀ ਕਿਹਾ ਜਾਂਦਾ ਹੈ। ਇਸ ਦੀ ਲੱਕੜ ਸਿਰਫ਼ ਬਾਲਣ ਦੇ ਕੰਮ ਆਉਂਦੀ ਹੈ। ਇਸ ਕਰਕੇ ਅੱਜਕਲ੍ਹ ਇਹ ਰੁੱਖ ਘੱਟ ਨਜ਼ਰ ਆਉਂਦਾ ਹੈ। ਇਹ ਗਰਮੀਆਂ ਵਿਚ ਠੰਡੀ ਤੇ ਸੰਘਣੀ ਛਾਂ ਦਿੰਦਾ ਹੈ। ਇਸ ਦੇ ਪੱਤੇ, ਦੁੱਧ, ਛਿੱਲ ਅਤੇ ਦਾੜ੍ਹੀ ਨੂੰ ਕਈ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਨਕਸੀਰ ਬੰਦ ਕਰਨ ਲਈ ਇਸ ਦੇ ਛੋਟੇ-ਛੋਟੇ ਨਰਮ ਪੱਤੇ ਪਾਣੀ ਵਿਚ ਘੋਟ ਕੇ ਮਿਸ਼ਰੀ ਮਿਲਾ ਕੇ ਦਿੱਤੇ ਜਾਂਦੇ ਹਨ। ਦਿਲ, ਦਿਮਾਗ ਤੇ ਸਿਰ ਦੀਆਂ ਬੀਮਾਰੀਆਂ ਠੀਕ ਕਰਨ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਰੁੱਖ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਹਨ। ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ 'ਕਿੱਕਰ' ਦੇ ਰੁੱਖ ਦਾ ਜ਼ਿਕਰ ਅਕਸਰ ਸੁਣਨ-ਗਾਉਣ ਵਿਚ ਆਉਂਦਾ ਹੈ। ਇਹ 'ਭਾਰਤੀ' ਅਤੇ 'ਪਹਾੜੀ' ਦੋ ਕਿਸਮ ਦੀ ਹੁੰਦੀ ਹੈ। ਭਾਰਤੀ ਕਿੱਕਰ ਦੀ ਉਚਾਈ 50-60 ਫੁੱਟ ਹੁੰਦੀ ਹੈ। ਅੰਗਰੇਜ਼ੀ ਵਿਚ ਇਸ ਨੂੰ 'ਬਬੂਲ' ਕਿਹਾ ਜਾਂਦਾ ਹੈ। ਇਸ ਰੁੱਖ ਦਾ ਆਮ ਲੋਕਾਂ ਨਾਲ ਬੜਾ ਵਾਹ-ਵਾਸਤਾ ਰਿਹਾ ਹੈ। ਇਸ ਦੀ ਲੱਕੜ ਬਾਲਣ ਦੇ ਕੰਮ ਵੀ ਆਉਂਦੀ ਹੈ ਅਤੇ ਫਰਨੀਚਰ ਬਣਾਉਣ ਦੇ ਵੀ।

ਕਿੱਕਰ ਦੀ ਦਾਤਣ ਦੀ ਰੋਜ਼ਾਨਾ ਵਰਤੋਂ ਹੁੰਦੀ ਹੈ। ਭਾਵੇਂ ਆਧੁਨਿਕ ਸਮੇਂ ਵਿਚ ਦੰਦ ਸਾਫ਼ ਕਰਨ ਲਈ ਕਈ ਸਾਧਨ ਵਰਤੇ ਜਾਂਦੇ ਹਨ ਪਰ ਫੇਰ ਵੀ ਇਸ ਰੁੱਖ ਦੀ ਦਾਤਣ ਨੂੰ ਅਜੇ ਵੀ ਸ੍ਰੇਸ਼ਟ ਸਮਝਿਆ ਜਾਂਦਾ ਹੈ। ਇਹ ਜਿਥੇ ਦੰਦ ਸਾਫ਼ ਕਰਦੀ ਹੈ, ਉਥੇ ਮਸੂੜਿਆਂ ਨੂੰ ਵੀ ਬੀਮਾਰੀਆਂ ਤੋਂ ਬਚਾਈ ਰੱਖਦੀ ਹੈ।

'ਟਾਹਲੀ' ਦਾ ਰੁੱਖ ਉਚਾ-ਲੰਮਾ ਹੁੰਦਾ ਹੈ। ਇਸ ਦੀ ਹਰਿਆਵਲ ਤੇ ਛਾਂ ਬਾਕੀ ਰੁੱਖਾਂ ਨਾਲੋਂ ਕੁਝ ਜ਼ਿਆਦਾ ਹੁੰਦੀ ਹੈ। ਇਸ ਦੀ ਲੱਕੜ ਕਿੱਕਰ ਦੀ ਲੱਕੜ ਨਾਲੋਂ ਹੌਲੀ ਹੁੰਦੀ ਹੈ। ਇਸ ਕਰਕੇ ਕਿੱਕਰ ਦੀ ਲੱਕੜ ਤੋਂ ਬਣਿਆ ਚਰਖਾ ਭਾਰਾ ਅਤੇ ਹੰਢਣਸਾਰ ਮੰਨਿਆ ਜਾਂਦਾ ਹੈ ਪਰ ਟਾਹਲੀ ਦਾ ਬਣਿਆ ਚਰਖਾ ਹੌਲਾ ਹੁੰਦਾ ਹੈ।

ਜਦੋਂ ਬੇਰੀਆਂ ਤੇ ਬੇਰ ਲੱਗ ਜਾਂਦੇ ਹਨ ਤਾਂ ਮੁਟਿਆਰਾਂ ਬੜੀਆਂ ਖੁਸ਼ ਹੋ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੀਆਂ ਆਖਦੀਆਂ ਹਨ, 'ਤੈਨੂੰ ਮਿਲਣਾ ਖੇਤ ਵਿਚ ਆ ਕੇ, ਵੇ ਬੇਰਾਂ ਵਾਲੀ ਰੁੱਤ ਆ ਗਈ' ਪਰ ਜਦੋਂ ਬੇਰੀਆਂ ਦੇ ਬੇਰ ਮੁੱਕ ਜਾਂਦੇ ਹਨ ਤਾਂ ਮੁਟਿਆਰ ਲਈ ਆਪਣੇ ਪ੍ਰੇਮੀ ਨੂੰ ਮਿਲਣ ਜਾਣ ਦੇ ਬਹਾਨੇ ਖਤਮ ਹੋ ਜਾਂਦੇ ਹਨ।

'ਤੂਤ' ਦਾ ਜਦੋਂ ਗੀਤਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਕਲਪਨਾ ਵਿਚ ਹੀ ਪੰਜਾਬੀ ਉਸ ਦੀ ਠੰਢੀ ਛਾਂ ਮਹਿਸੂਸ ਕਰਨ ਲੱਗਦੇ ਹਨ। ਭਾਵੇਂ ਕਿਸਾਨ ਨੇ ਖੇਤਾਂ ਵਿਚ ਰੁੱਖਾਂ ਥੱਲੇ ਕੁਝ ਘੜੀਆਂ ਹੀ ਆਰਾਮ ਕਰਨਾ ਹੁੰਦਾ ਹੈ ਫੇਰ ਵੀ ਉਹ ਆਪਣੇ ਖੇਤ ਦੀ ਸ਼ਾਨ ਵਧਾਉਣ ਲਈ ਉਸ ਵਿਚ ਤੂਤ ਦਾ ਰੁੱਖ ਲਾਉਣਾ ਆਪਣਾ ਮਾਣ ਸਮਝਦਾ ਹੈ। ਜਦੋਂ ਮਿੱਠੇ ਮਿੱਠੇ ਤੂਤ ਲੱਗ ਜਾਂਦੇ ਹਨ ਤਾਂ ਲੋਕੀਂ ਇਨ੍ਹਾਂ ਨੂੰ ਖਾ ਕੇ ਖੂਬ ਆਨੰਦ ਮਾਣਦੇ ਹਨ। ਤੂਤ ਦੀਆਂ ਛੋਟੀਆਂ ਟਾਹਣੀਆਂ ਦਾਤਣ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ ਅਤੇ ਵੱਡੀਆਂ ਛਿਟੀਆਂ ਦੇ ਪਿੰਡਾਂ ਵਿਚ ਟੋਕਰੇ ਬਣਾਏ ਜਾਂਦੇ ਹਨ ਜੋ ਘਰਾਂ ਵਿਚ ਨਜ਼ਰ ਆਉਂਦੇ ਹਨ।

ਸੋ ਰੁੱਖਾਂ ਦੀ ਸਾਂਭ ਸੰਭਾਲ ਕਰਨਾ ਸਾਡਾ ਸਾਰਿਆ ਦਾ ਫਰਜ਼ ਹੈ। ਵੱਧ ਤੋਂ ਵੱਧ ਰੁੱਖ ਲਗਾਉਣਾ ਕੇਵਲ ਮਾਨਵ ਵਾਸਤੇ ਹੀ ਕਲਿਆਣਕਾਰੀ ਨਹੀਂ ਸਗੋਂ ਪ੍ਰਕ੍ਰਿਤੀ ਦੀ ਖ਼ੂਬਸੂਰਤੀ ਵਿਚ ਵੀ ਵਾਧਾ ਕਰਨਾ ਹੈ।

# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

**ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)**



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ

ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, "NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।



**ਗੁਰੂ ਘਰ ਵਿਖੇ ਸ. ਰਘਬੀਰ ਸਿੰਘ ਸੁਭਾਨਪੁਰ ਜੀ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕਰਦੇ ਹੋਏ ਪ੍ਰੀਤਮ ਸਿੰਘ ਨਾਰੰਗਪੁਰ ਅਤੇ ਸਾਥੀ**




**ਲੋੜਵੰਦਾਂ ਦੀ ਮੱਦਦ ਕਰਦੇ ਹੋਏ ਸੰਤ ਪ੍ਰੇਮ ਸਿੰਘ ਲੁਬਾਣਾ ਵੈਲਫੇਅਰ ਸੁਸਾਇਟੀ (ਰਜਿ.) ਦੇ ਪ੍ਰਬੰਧਕ ਅਤੇ ਕਮੇਟੀ ਮੈਂਬਰ**

ਕਹਾਣੀ

# ਪਵਿੱਤਰ ਪਾਪ

ਪਰਮਪਾਲ ਸਿੰਘ ਸੋਢੀ

ਅਪ੍ਰੈਲ 1968 ਵਿੱਚ ਜਦੋਂ ਸੰਤੋਸ਼ ਦਾ ਪਿਤਾ ਮਾਂਗੇ ਰਾਮ ਉਸਨੂੰ ਸਾਡੇ ਘਰ ਛੱਡਣ ਆਇਆ ਤਾਂ ਮੈਂ ਉਸ ਦਿਨ ਘਰ ਡਰਾਇੰਗ ਰੂਮ ਵਿੱਚ ਪਏ ਤਖ਼ਤਪੋਸ਼ 'ਤੇ ਹੀ ਲੇਟਿਆ ਹੋਇਆ ਸੀ। ਮੈਨੂੰ ਤੇਜ਼ ਬੁਖ਼ਾਰ ਸੀ। ਉਸ ਦਿਨ ਇਸ ਲਈ ਮੇਰੀ ਮੰਮਾ ਨੇ ਮੈਨੂੰ ਚੁਬਾਰੇ ਵਿੱਚ ਰਹਿਣ ਦੀ ਬਜਾਏ ਨੀਚੇ ਹੀ ਰਹਿਣ ਲਈ ਕਿਹਾ ਸੀ ਤਾਂ ਜੋ ਮੇਰੀ ਸਮੇਂ ਸਮੇਂ ਸਿਰ ਦੇਖਭਾਲ ਕੀਤੀ ਜਾ ਸਕੇ ਅਤੇ ਦਵਾਈ ਵੇਲੇ ਸਿਰ ਦਿੱਤੀ ਜਾ ਸਕੇ ਤੇ ਮੇਰੇ ਬੁਖ਼ਾਰ ਦਾ ਵੀ ਖਿਆਲ ਰਹੇ। ਮੇਰੇ ਪਾਪਾ ਮਾਂਗੇ ਰਾਮ ਨੂੰ ਬੜੇ ਗਰਮਜੋਸ਼ੀ ਨਾਲ ਮਿਲੇ ਜਿਵੇਂ ਇਨ੍ਹਾਂ ਦਾ ਪਹਿਲਾਂ ਦਾ ਹੀ ਕੋਈ ਨਿੱਘਾ ਰਿਸ਼ਤਾ ਰਿਹਾ ਹੋਵੇ। ਨਾਲ ਸੰਤੋਸ਼ ਸੀ ਕੋਈ 12-13 ਸਾਲ ਦੀ ਸੁਬਕ, ਪਤਲੀ ਅਤੇ ਸੁਕੜੀ ਜਿਹੀ ਕੁੜੀ – ਰੰਗ ਗੋਰਾ ਗੁਲਾਬ ਪਰ ਚਿਹਰਾ ਮੁਰਝਾਇਆ ਹੋਇਆ – ਸਿਹਤ ਕਮਜ਼ੋਰ ਲਗਦੀ ਸੀ। ਇੰਝ ਲਗਦਾ ਸੀ ਜਿਵੇਂ ਇਸਨੂੰ ਤਾਂ ਪੇਟ ਭਰ ਖ਼ੁਰਾਕ ਵੀ ਨਹੀਂ ਮਿਲ ਰਹੀ। ਸਲਵਾਰ ਕਮੀਜ਼ ਮੈਲੀ ਜਿਹੀ ਤੇ ਕਈ ਜਗ੍ਹਾ ਤੋਂ ਟਾਕੀਆਂ ਲੱਗੀਆਂ ਹੋਈਆਂ ਸਨ। ਬਸ ਸਰੀਰ ਢੱਕਿਆ ਹੋਇਆ ਸੀ ਕਿਸੇ ਤਰ੍ਹਾਂ ਨਾਲ। ਮਾਂਗੇ ਰਾਮ ਨੇ ਦੱਸਿਆ ਕਿ ਉਸਦੀ ਆਰਜ਼ੀ ਨੌਕਰੀ ਜੋ ਉਹ ਕਿਸੇ ਸਕੂਲ ਬਤੌਰ ਚਪੜਾਸੀ ਦੇ ਕਰ ਰਿਹਾ ਸੀ, ਉਹ ਖ਼ਤਮ ਹੋ ਗਈ ਸੀ ਤੇ ਉਹ ਮਿਹਨਤ ਮਜ਼ਦੂਰੀ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਤਿੰਨ ਧੀਆਂ ਅਤੇ ਬੀਮਾਰ ਪਤਨੀ ਦਾ ਪੇਟ ਪਾਲ ਰਿਹਾ ਸੀ। ਘਰ 'ਚ ਪਤਨੀ ਦੇ ਬੀਮਾਰ ਰਹਿਣ ਕਰਕੇ ਇਲਾਜ 'ਤੇ ਪੈਸਾ ਲੱਗ ਰਿਹਾ ਸੀ ਤੇ ਉਸ ਉਪਰ ਕਰਜ਼ਾ ਵੀ ਚੜ੍ਹ ਗਿਆ ਸੀ ਅਤੇ ਪਰਿਵਾਰ ਰੋਟੀ ਤੋਂ ਵੀ ਆਤੁਰ ਹੋਇਆ ਪਿਆ ਸੀ। ਉਸਨੇ, ਸੰਤੋਸ਼ ਜੋ ਤਿੰਨਾਂ ਭੈਣਾਂ ਵਿੱਚੋਂ ਸਭ ਤੋਂ ਵੱਡੀ ਸੀ, ਪੰਜਵੀਂ ਕਲਾਸ ਤੋਂ ਬਾਅਦ ਸਕੂਲ ਤੋਂ ਹਟਾ ਲਈ ਸੀ। ਉਸਦਾ ਖ਼ਰਚਾ ਉਠਾਉਣ ਦੀ ਪਰਿਵਾਰ ਕੋਲ ਤੌਫ਼ੀਕ ਨਹੀਂ ਸੀ।

ਆਪਣੇ ਪੁਰਾਣੇ ਰਿਸ਼ਤੇ ਦਾ ਵਾਸਤਾ ਦੇ ਉਹ ਮੇਰੇ ਪਾਪਾ ਨੂੰ ਕਹਿ ਰਿਹਾ ਸੀ ਕਿ ਇਸਨੂੰ ਤੁਸੀਂ ਆਪਣੇ ਪਾਸ ਨੌਕਰ ਰੱਖ ਲਉ। ਜੇ ਹੋ ਸਕਿਆ ਤਾਂ ਇਸਨੂੰ ਅੱਗੇ ਪੜ੍ਹਾ ਦੇਣਾ ਨਹੀਂ ਤਾਂ ਤੁਹਾਡੇ ਪਰਿਵਾਰ ਵਿੱਚ ਇਹ ਵੀ ਕਿਸੇ ਤਰ੍ਹਾਂ ਪਲ ਜਾਏਗੀ। ਕੁੱਝ ਹੋ ਸਕਿਆ ਤਾਂ ਮੇਰੀ ਮਦਦ ਕਰਦੇ ਰਹਿਣਾ। ਮੇਰੇ ਹਾਲਾਤ ਸੁਧਰਦੇ ਹੀ ਮੈਂ ਇਸਨੂੰ ਵਾਪਸ ਆਪਣੇ ਪਿੰਡ ਲੈ ਜਾਵਾਂਗਾ। ਮੇਰੇ ਪਾਪਾ ਨੇ ਪਹਿਲਾਂ ਮੇਰੇ ਮੰਮਾ ਵੱਲ ਅਤੇ ਫਿਰ ਇਕ ਪਲ ਲਈ ਮੇਰੇ ਵੱਲ ਵੇਖਿਆ – ਸਾਡੀਆਂ ਅੱਖਾਂ 'ਚ ਉਸਦੀ ਹਾਲਤ 'ਤੇ ਆਇਆ ਤਰਸ ਵੇਖ ਪਾਪਾ ਨੇ ਉਸਨੂੰ ਰੱਖਣ ਲਈ ਹਾਂ ਕਰ ਦਿੱਤੀ। ਮੇਰੇ ਪਾਪਾ ਅੰਦਰ ਗਏ ਅਤੇ ਕੁੱਝ ਰੁਪਏ ਮਾਂਗੇ ਰਾਮ ਨੂੰ ਤੁਰੰਤ ਇਮਦਾਦ ਵਜੋਂ ਦਿੱਤੇ। ਸਾਡਾ ਆਪਣਾ ਵੀ ਸੁਖ਼ ਨਾਲ ਵੱਡਾ ਪਰਿਵਾਰ ਸੀ। –ਕਮਾਉਣ ਵਾਲੇ ਇਕੱਲੇ ਪਾਪਾ ਹੀ ਸਨ – ਤੇ ਅਸੀਂ ਸਾਰੇ 7 ਜੀਅ ਪਾਪਾ ਦੀ ਇਕ ਤਨਖ਼ਾਹ 'ਤੇ ਹੀ ਨਿਰਭਰ ਸਾਂ। ਮੇਰੇ ਪਾਪਾ ਸ਼ਹਿਰ ਦੇ ਹਾਈਸਕੂਲ ਵਿੱਚ ਅਧਿਆਪਕ ਸਨ। ਉਹ ਆਪਣੇ ਪਰਿਵਾਰ 'ਤੇ ਆਏ ਔਖੇ ਸਮੇਂ ਆਪਣੀ ਜਵਾਨੀ 'ਚ ਹੀ ਮਿਲਟਰੀ 'ਚ ਲੈਫਟੀਨੈਂਟ ਦੀ ਨੌਕਰੀ ਛੱਡ ਆਏ ਸਨ ਤੇ ਇਥੇ ਸ਼ਹਿਰ 'ਚ ਆ ਕੇ ਅਧਿਆਪਕ ਦੀ ਨੌਕਰੀ ਕਰ ਲਈ ਸੀ।

ਪਿੰਡ ਸਾਡੀ ਕਾਫ਼ੀ ਜ਼ਮੀਨ ਸੀ ਪਰ ਉਸਦੇ ਕਾਫ਼ੀ ਹਿੱਸੇ ਨੂੰ ਪਾਣੀ ਨਹੀਂ ਲੱਗਦਾ ਸੀ ਅਤੇ ਖੇਤੀਬਾੜੀ ਸਾਰੀ ਮੀਂਹ 'ਤੇ ਹੀ ਨਿਰਭਰ ਸੀ। ਸੋ ਜਿੰਨੀ ਕੁ ਆਮਦਨ ਹੁੰਦੀ ਸੀ ਉਨਾ ਕੁ ਖ਼ਰਚ ਵੀ ਆ ਜਾਂਦਾ ਸੀ ਪਰ ਘਰ ਵਿੱਚ ਕਣਕ, ਛੋਲੇ ਅਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਦੀ ਕਦੇ ਕੋਈ ਕਮੀ ਨਹੀਂ ਆਈ ਸੀ। ਮੇਰੇ ਮੰਮਾ ਉਨ੍ਹਾਂ ਲਈ ਚੰਗਾ ਦੁੱਧ ਪਾ ਕੇ ਚਾਹ ਬਣਾ ਕੇ ਲਿਆਏ ਅਤੇ ਨਾਲ ਖਾਣ ਨੂੰ ਘਰ ਦਾ ਰਾਸ਼ਨ ਦੇ ਕੇ ਦੇਸੀ ਘਿਓ 'ਚ ਬਣਾਏ ਆਟੇ ਦੇ ਕਾਫ਼ੀ ਸਾਰੇ ਬਿਸਕੁੱਟ ਪਲੇਟ 'ਚ ਰੱਖ ਕੇ ਲਿਆਏ। ਥੋੜ੍ਹੀ ਦੇਰ ਬਾਅਦ ਮੰਮਾ ਨੇ ਉਨ੍ਹਾਂ ਲਈ ਰੋਟੀ ਵੀ ਬਣਾ ਦਿੱਤੀ ਤੇ ਦੋਨਾਂ ਨੇ ਰੱਜ ਕੇ, ਪੇਟ ਭਰ ਖਾਧੀ। ਮੇਰੇ ਪਾਪਾ ਤੇ ਮਾਂਗੇ ਰਾਮ ਕਾਫ਼ੀ ਦੇਰ ਤੱਕ ਗੱਲਾਂ ਕਰਦੇ ਰਹੇ ਇਕੱਠੇ ਬਿਤਾਏ ਵਕਤ ਨੂੰ ਯਾਦ ਕਰਦੇ ਰਹੇ। ਕੋਲ ਸੰਤੋਸ਼ ਚੁੱਪਚਾਪ ਬੈਠੀ ਰਹੀ।

ਸ਼ਾਮੀਂ ਜਦ ਸਾਢੇ ਤਿੰਨ ਕੁ ਵਜੇ ਦਾ ਵਕਤ ਹੋਇਆ ਤਾਂ ਮਾਂਗੇ ਰਾਮ ਨੇ ਆਪਣੇ ਘਰ ਵਾਪਸ ਜਾਣ ਦੀ ਇਜਾਜ਼ਤ ਮੰਗੀ। ਮੇਰੇ ਪਾਪਾ ਨੇ ਉਸਨੂੰ ਰਾਤ ਰੁਕ ਜਾਣ ਲਈ ਕਿਹਾ ਪਰ ਉਸਨੇ ਕਿਹਾ ਕਿ ਉਹ ਰਾਤ ਦਾ ਸਫ਼ਰ ਕਰਕੇ ਕੱਲ੍ਹ ਪਿੰਡ ਪਹੁੰਚ ਜਾਵੇਗਾ ਤੇ ਫਿਰ ਜੋ ਕੰਮ ਮਿਲਿਆ ਕਰਕੇ ਕੁੱਝ ਪੈਸੇ ਧੇਲੇ ਵੀ ਕਮਾ ਲਵੇਗਾ। ਮੇਰੇ ਪਾਪਾ ਨੇ ਫਿਰ ਰੁਕਣ ਲਈ ਕਿਹਾ ਕਿ ਕੰਮ ਦਾ ਐਨਾ ਫ਼ਿਕਰ ਨਹੀਂ ਕਰੀਦਾ। ਰਿਜ਼ਕ ਦੇਣ ਵਾਲਾ ਤਾਂ ਅਕਾਲ ਪੁਰਖ਼ ਹੈ। ਪਰ ਉਹ ਨਾ ਮੰਨਿਆ। ਹਾਰ ਕੇ ਮੇਰੇ ਪਾਪਾ ਨੇ ਉਹ ਦੀ ਗੱਲ ਮੰਨ ਲਈ। ਮੇਰੇ ਮੰਮਾ ਨੇ ਕੁੱਝ ਪਰੌਂਠੇ ਬਣਾ ਕੇ ਨਾਲ ਵਾਸਤੇ ਬੰਨ੍ਹ ਦਿੱਤੇ। ਜਾਂਦੇ ਹੋਏ ਮਾਂਗੇ ਰਾਮ ਨੇ ਆਪਣੀ ਧੀ ਸੰਤੋਸ਼ ਨੂੰ ਕਿਹਾ, "ਸਰਦਾਰ ਜੀ ਕੀ ਖੂਬ ਸੇਵਾ ਕਰਨਾ। ਕੋਈ ਸ਼ਿਕਾਇਤ ਨਾ ਆਣ ਦੇਣਾ। ਅਬ ਸੇ ਯੇਹੀ ਤੇਰੇ ਮਾਂ ਬਾਪ ਹੈਂ।" ਸੰਤੋਸ਼ ਦੀਆਂ ਅੱਖਾਂ ਵਿੱਚੋਂ ਅੱਥਰੂ ਪਰਲ ਪਰਲ ਵੱਗ ਰਹੇ ਸਨ। ਉਸਨੂੰ ਵੇਖ ਮੇਰੀਆਂ ਅੱਖਾਂ 'ਚ ਵੀ ਅੱਥਰੂ ਆ ਗਏ। ਮੇਰੀ ਮੰਮਾ ਨੇ ਸੰਤੋਸ਼ ਨੂੰ ਆਪਣੀ ਛਾਤੀ ਨਾਲ ਲਾਇਆ। ਉਸਦੇ ਅੱਥਰੂ ਪੂੰਝੇ ਤੇ ਕਿਹਾ ਕਿ ਤੂੰ ਮੇਰੀ ਧੀਆਂ ਵਾਂਗ ਹੀ ਰਹੇਂਗੀ ਇਸ ਘਰ ਵਿੱਚ ਨੌਕਰਾਂ ਵਾਂਗ ਨਹੀਂ। ਉਸਦਾ ਪਿਤਾ ਉਸਨੂੰ ਹੌਂਸਲਾ ਦੇ ਕੇ ਸਭ ਨੂੰ ਨਮਸਕਾਰ ਕਰ ਕੇ ਤੇ ਸੰਤੋਸ਼ ਨਾਲ ਵਾਅਦਾ ਕਰਦਿਆਂ ਕਿ ਉਹ ਜਲਦੀ ਹੀ ਵਾਪਸ ਆਵੇਗਾ ਮੇਰੇ ਪਾਪਾ ਨਾਲ ਬੱਸ ਸਟੈਂਡ ਨੂੰ ਚਲੇ ਗਿਆ ਜੋ ਕਿ ਘਰ ਦੇ ਕੋਲ ਹੀ ਸੀ। ਉਹ ਸਾਢੇ ਚਾਰ ਵਜੇ ਦੀ ਬੱਸ ਪਕੜ ਪਠਾਨਕੋਟ ਵੱਲ ਰਵਾਨਾ ਹੋ ਗਿਆ। ਉਥੋਂ ਬੱਸ ਬਦਲ ਕੇ ਫਿਰ ਉਸਨੇ ਚੰਬੇ ਪਾਸ ਕਿਸੇ ਪਿੰਡ ਜਾਣਾ ਸੀ।

ਮਾਂਗੇ ਰਾਮ ਦੇ ਜਾਣ ਬਾਅਦ ਮੰਮਾ ਨੇ ਸੰਤੋਸ਼ ਦਾ ਸਿਰ ਪਲੋਸਿਆ ਤੇ ਉਸ ਨੂੰ ਹੌਂਸਲਾ ਦਿੱਤਾ ਤੇ ਕਿਹਾ ਤੈਨੂੰ ਇਥੇ ਕੋਈ ਤਕਲੀਫ਼ ਨਹੀਂ ਆਵੇਗੀ। ਮੇਰੇ ਮੰਮਾ ਨੇ ਸੰਤੋਸ਼ ਨੂੰ ਬਾਥਰੂਮ 'ਚ ਜਾ ਕੇ ਨਹਾ ਕੇ ਫਰੈਸ਼ ਹੋਣ ਲਈ ਕਿਹਾ। ਸੰਤੋਸ਼ ਦਾ ਲੰਮੇ ਸਫ਼ਰ ਅਤੇ ਪਸੀਨੇ ਨਾਲ ਬੁਰਾ ਹਾਲ ਹੋਇਆ ਪਿਆ ਸੀ ਅਤੇ ਉਸ ਤੋਂ ਪਸੀਨੇ ਦੀ ਬਦਬੂ ਵੀ ਆ ਰਹੀ ਸੀ। ਉਸ ਨੂੰ ਪਾਣੀ ਥੋੜ੍ਹਾ ਕੋਸਾ ਕਰਕੇ ਦਿੱਤਾ ਅਤੇ ਕਿਹਾ ਕਿ ਸਾਬਣ ਤੇਲ ਲਾ ਕੇ ਉਹ ਚੰਗੀ ਤਰ੍ਹਾਂ ਨਹਾ ਕੇ ਆਵੇ। ਬਾਥਰੂਮ ਵਿੱਚ ਪਈ ਕਿਸੇ ਵੀ ਚੀਜ਼ ਨੂੰ ਵਰਤਣ ਤੋਂ ਗੁਰੇਜ਼ ਨਾ ਕਰੇ। ਉਸਨੂੰ ਨਵਾਂ ਤੌਲੀਆ ਕੱਢ ਕੇ ਦਿੱਤਾ ਤੇ ਕਿਹਾ ਕਿ ਅੱਜ ਤੋਂ ਇਹ ਤੇਰਾ

ਤੌਲੀਆ ਹੈ ਤੇ ਤੂੰ ਆਪਣਾ ਤੌਲੀਆ ਹੀ ਵਰਤਣਾ ਹੈ। ਇਥੇ ਸਭ ਦੇ ਆਪਣੇ ਆਪਣੇ ਅਲੱਗ ਤੌਲੀਏ ਹਨ। ਉਹ ਨਹਾ ਧੋ ਕੇ ਵਾਪਸ ਆਈ ਤਾਂ ਚਿਹਰੇ 'ਤੇ ਕੁੱਝ ਤਾਜ਼ਗੀ ਤੇ ਰੌਣਕ ਨਜ਼ਰ ਆਈ, ਪਹਾੜੀ ਹੋਣ ਕਰਕੇ ਰੰਗ ਦੀ ਗੋਰੀ ਚਿੱਟੀ ਅਤੇ ਸੋਹਣੀ ਵੀ ਸੀ। ਉਸ ਤੋਂ ਬਾਅਦ ਉਸਨੂੰ ਮੰਮਾ ਬਾਜ਼ਾਰ ਲੈ ਗਏ ਅਤੇ ਦੋ ਨਵੇਂ ਸੂਟ ਲੈ ਦਿੱਤੇ ਤੇ ਦਰਜ਼ੀ ਨੂੰ ਇਕ ਸੂਟ ਤਾਂ ਤੁਰੰਤ ਸਿਲਾਈ ਕਰ ਕੇ ਦੇਣ ਦੀ ਤਾਕੀਦ ਕੀਤੀ ਅਤੇ ਕਿਹਾ ਕਿ ਦੂਸਰਾ ਸੂਟ ਚਾਹੇ 2-3 ਦਿਨ ਬਾਅਦ ਦੇ ਦੇਵੇ। ਉਸਨੂੰ ਘਰ ਦਾ ਕੰਮ ਕੁੱਝ ਆਉਂਦਾ ਹੀ ਸੀ ਪਰ ਹਰ ਕੰਮ 'ਚ ਮੇਰੇ ਮੰਮਾ ਕੋਲ ਹੀ ਹੁੰਦੇ ਤੇ ਦੋਨੋਂ ਮਿਲ ਕੇ ਕਰਦੇ। ਸਮੇਂ ਸਮੇਂ ਲੋੜ ਪੈਣ 'ਤੇ ਮੰਮਾ ਉਸਨੂੰ ਕੁਝ ਕੰਮ ਸਮਝਾਉਂਦੇ ਵੀ ਰਹਿੰਦੇ। ਮੇਰੇ ਵੱਡੇ ਭੈਣ ਜੀ ਵੀ ਅਕਸਰ ਕੰਮ 'ਚ ਹੱਥ ਵੰਡਾਉਂਦੇ ਰਹਿੰਦੇ ਸਨ। ਕੁੱਝ ਹੀ ਦਿਨਾਂ ਬਾਅਦ ਮੇਰੇ ਪਾਪਾ ਉਸਨੂੰ ਲੜਕੀਆਂ ਦੇ ਸਕੂਲ ਵਿੱਚ ਛੇਵੀਂ ਕਲਾਸ 'ਚ ਦਾਖ਼ਲ ਕਰਵਾ ਆਏ। ਸਕੂਲ ਦੀਆਂ ਕਾਪੀਆਂ ਕਿਤਾਬਾਂ ਅਤੇ ਸਕੂਲ ਦੀ ਵਰਦੀ ਦੇ ਦੋ ਜੋੜੇ ਵੀ ਲੈ ਦਿੱਤੇ। 2-3 ਸਾਲ ਤੋਂ ਪੜ੍ਹਾਈ ਛੁੱਟੀ ਰਹਿਣ ਕਰਕੇ ਉਸ ਨੂੰ ਪਹਿਲਾਂ ਪਹਿਲਾਂ ਤਾਂ ਪੜ੍ਹਨ 'ਚ ਔਖ ਆਈ - ਪਰ ਮੇਰੇ ਪੰਮਾ ਉਸਨੂੰ ਪੜ੍ਹਾ ਦਿੰਦੇ ਤੇ ਕਦੇ ਕਦੇ ਉਹ ਮੇਰੇ ਤੋਂ ਜਾ ਮੇਰੇ ਵੱਡੇ ਭੈਣ ਜੀ ਤੋਂ ਵੀ ਸਮਝ ਲੈਂਦੀ ਸੀ। ਉਹ ਸਾਡੇ ਨਾਲ ਹੀ ਰੋਟੀ ਖਾਂਦੀ। ਮੇਰੇ ਮੰਮਾ ਨਾਲ ਕੰਮ 'ਚ ਹੱਥ ਵਡਾਉਂਦੀ। ਮੇਰੇ ਮੰਮਾ ਉਸ ਨਾਲ ਕਦੇ ਕੋਈ ਵਿਤਕਰਾ ਨਹੀਂ ਕਰਦੇ ਸਨ। ਸਵੇਰੇ ਤੇ ਰਾਤ ਨੂੰ ਸਾਨੂੰ ਹਾਰੇ 'ਚ ਕੜ੍ਹਿਆ ਲਾਲ ਗਾੜ੍ਹਾ ਦੁੱਧ ਮਿਲਦਾ ਉਤੋਂ ਮਲਾਈ ਪਾ ਕੇ, ਦੁਪਹਿਰੇ ਸਾਨੂੰ ਰੋਟੀ ਨਾਲ ਪੀਣ ਨੂੰ ਗਾੜ੍ਹੀ ਗਾੜ੍ਹੀ ਲੱਸੀ ਮਿਲਦੀ।

ਪਿੰਡ ਦੀ ਰਹਿਣ ਵਾਲੀ ਹੋਣ ਕਰਕੇ ਉਹ ਸਵੇਰੇ ਜਲਦੀ ਹੀ ਉੱਠ ਜਾਂਦੀ ਸੀ। ਸਵੇਰੇ 4 ਵਜੇ ਹੀ ਮੇਰੇ ਮੰਮਾ ਮੱਝਾਂ ਨੂੰ ਪੱਠੇ ਪਾ ਦਿੰਦੇ ਸਨ ਅਤੇ ਕੱਟੇ ਕੱਟੀਆਂ ਨੂੰ ਮੱਝਾਂ ਦਾ ਦੁੱਧ ਚੁੰਘਣ ਲਈ ਛੱਡ ਦਿੰਦੇ ਸਨ। ਬਾਕੀ ਦੁੱਧ ਚੋਅ ਲੈਂਦੇ ਸਨ - ਪੂਰੀ ਬਾਲਟੀ ਭਰ ਦੁੱਧ ਸਾਡੇ ਘਰ 'ਚ ਰਹਿੰਦਾ ਸੀ। ਉਹ ਇਸ ਕੰਮ 'ਚ ਮੰਮਾ ਦੀ ਪੂਰੀ ਮਦਦ ਕਰਦੀ ਅਤੇ ਸਵੇਰੇ ਬਰੇਕਫਾਸਟ ਬਣਾਉਣ ਵੇਲੇ ਵੀ। ਥੋੜ੍ਹੇ ਦਿਨਾਂ 'ਚ ਹੀ ਅੱਛੀ ਖ਼ੁਰਾਕ ਖਾ ਕੇ ਉਹ ਨਾਰਮਲ ਸਿਹਤ ਦੀ ਹੋ ਗਈ ਸੀ ਅਤੇ ਉਸਦਾ ਰੰਗ ਰੂਪ ਨਿਖਰ ਆਇਆ। ਪੜ੍ਹਾਈ 'ਚ ਵੀ ਉਸਨੇ ਜਲਦੀ ਹੀ ਮੇਕ ਅਪ ਕਰ ਲਿਆ।

ਸ਼ਾਮੀ ਉਸਨੇ ਮੇਰੀਆਂ ਭੈਣਾਂ ਅਤੇ ਗਲੀ ਦੇ ਹੋਰ ਬੱਚਿਆਂ ਨਾਲ ਲੁਕਣ ਮੀਟੀ, ਆਈਸ ਪਾਈਸ, ਪਿਠੂ, ਸ਼ਟਾਪੂ ਆਦਿ ਖੇਡਾਂ ਖੇਡਣੀਆਂ ਅਤੇ ਕਦੇ ਕਦੇ ਉਹ ਸਾਡੇ ਨਾਲ ਵੀ ਖੇਡ ਲੈਂਦੀ ਸੀ। ਘਰ ਤੋਂ ਥੋੜ੍ਹੀ ਵਿੱਥ 'ਤੇ ਬਾਹਰ ਇੱਕ ਬੇਰੀ ਸੀ ਉਸਤੇ ਉਹ ਬਾਂਦਰ ਜਿਹੀ ਫੁਰਤੀ ਨਾਲ ਚੜ੍ਹ ਉਤਰ ਲੈਂਦੀ ਸੀ ਅਤੇ ਕਈ ਵਾਰ ਮੁੰਡਿਆਂ ਨੂੰ ਵੀ ਕੜਕਾਲੀ ਡਕਰਾ ਖੇਡ 'ਚ ਹਰਾ ਦਿੰਦੀ ਸੀ। ਇਕ ਵਾਰੀ ਸਾਡੇ ਨਾਲ ਖੇਡਦਿਆਂ ਉਸਦੀ ਸਲਵਾਰ ਬੇਰੀ ਦੀ ਕਿਸੇ ਟਾਹਣੀ 'ਚ ਅਟਕ ਕੇ ਬੁਰੀ ਤਰ੍ਹਾਂ ਫੱਟ ਗਈ ਅਤੇ ਕਈ ਜਗ੍ਹਾ ਤੋਂ ਉਸਦੀਆਂ ਟੰਗਾਂ ਨੰਗੀਆਂ ਨਜ਼ਰ ਆਣ ਲੱਗੀਆਂ। ਮੁੰਡੇ ਮਖੌਲ ਕਰਨ ਲੱਗ ਪਏ। ਮੈਂ ਤੁਰੰਤ ਆਪਣੇ ਸਿਰ ਤੋਂ ਆਪਣੀ ਦਸਤਾਰ ਲਾਹੀ ਅਤੇ ਉਸਦਾ ਨੰਗੇਜ਼ ਢੱਕ ਦਿੱਤਾ। ਉਸ ਨੇ ਕਿਹਾ ਆਪ ਦਾ ਤਾਂ ਸਿਰ ਨੰਗਾ ਹੋ ਗਿਆ। ਆਪ ਸਰਦਾਰ ਲੋਕ ਤਾਂ ਆਪਣਾ ਸਿਰ ਨੰਗਾ ਨਹੀਂ ਹੋਣ ਦਿੰਦੇ। ਮੈਂ ਕਿਹਾ ਮੇਰੇ ਜੂੜੇ ਤੇ ਰੁਮਾਲ ਵੀ ਤਾਂ ਬੰਨ੍ਹਿਆ ਹੋਇਆ ਹੈ। ਨਾਲੇ ਮੁੰਡਿਆਂ ਦੇ ਨੰਗੇਜ਼ ਨੂੰ ਕੌਣ ਦੇਖਦਾ ਹੈ ਔਰਤ ਲਈ ਤਾਂ ਅਜ਼ਮਤ ਹੀ ਸਭ ਕੁੱਝ ਹੁੰਦੀ ਹੈ।

ਮੇਰੇ ਮੰਮਾ ਪਾਪਾ ਤੇ ਆਂਢ ਗੁਆਂਢ ਨੂੰ ਜਦ ਇਸ ਗੱਲ ਦਾ ਪਤਾ ਚੱਲਿਆ ਤਾਂ ਉਨ੍ਹਾਂ ਸਭ ਨੇ ਇਸਨੂੰ ਬੜਾ ਸਲਾਹਿਆ। ਮੇਰੇ ਮੰਮਾ ਨੇ ਘਰ 'ਚ ਸਲਾਈ ਮਸ਼ੀਨ ਤੇ ਹੀ ਉਸਦੀ ਸਲਵਾਰ ਸੀ ਕੇ ਠੀਕ ਕਰ ਦਿੱਤੀ। ਸੰਤੋਸ਼ ਦੇ ਦਿਲ ਤੇ ਪਤਾ ਨਹੀਂ ਕੀ ਵਾਪਰੀ, ਉਸਦਾ ਦਿਲ ਮੇਰੇ ਲਈ ਕੀਲਿਆ ਗਿਆ। ਇਹ ਤੀਰ ਸੀ ਮੁਹੱਬਤ ਦਾ। ਕੁੱਝ ਹੀ ਦਿਨਾਂ ਬਾਅਦ ਮੇਰੇ 10ਵੀਂ ਦੇ ਬੋਰਡ ਦੇ ਇਮਤਿਹਾਨ ਆ ਗਏ ਮੈਂ ਜ਼ਿਆਦਾ ਸਮਾਂ ਉਪਰ ਆਪਣੇ ਚੁਬਾਰੇ 'ਚ ਹੀ ਰਹਿਣ ਲੱਗ ਪਿਆ। ਮੇਰੇ ਮੰਮਾ ਸੰਤੋਸ਼ ਦੇ ਹੱਥ ਮੇਰੇ ਲਈ ਰੋਟੀ ਚਾਹ ਆਦਿਕ ਭੇਜ ਦਿੰਦੇ। ਪਰ ਹੁਣ ਉਸਦੇ ਆਉਣ 'ਚ ਬੜੀ ਸ਼ਿੱਦਤ ਹੁੰਦੀ ਸੀ - ਇਕ ਖ਼ਾਸ ਹੀ ਕਸਕ। ਮੈਂ ਰੋਟੀ ਖਾਂਦਾ ਰਹਿੰਦਾ ਜਾਂ ਚਾਹ ਪੀਂਦਾ ਉਹ ਮੇਰੇ ਮੂੰਹ ਵੱਲ ਵੇਖਦੀ ਰਹਿੰਦੀ। ਮੇਰੀਆਂ ਅੱਖਾਂ ਜਦ ਪੜ੍ਹ-ਪੜ੍ਹ ਕੇ ਥੱਕੀਆਂ ਦੇਖਦੀ ਤਾਂ ਆਪਣੇ ਕੋਮਲ ਉਂਗਲਾਂ ਨਾਲ ਦਬਾ ਦਿੰਦੀ। ਮੇਰਾ ਕਦੇ ਸਿਰ ਦੁਖਦਾ ਤਾਂ ਵੀ ਉਹ ਐਸਾ ਹੀ ਕਰਦੀ। ਉਸ ਦੀ ਛੋਹ 'ਚ ਪਤਾ ਨਹੀਂ ਕੀ ਸੀ, ਉਹ ਪਿਆਰ ਅਤੇ ਕ੍ਰਿਤਗਤਾ 'ਚ ਪੂਰੀ ਭਿੱਜ ਗਈ ਲੱਗਦੀ ਸੀ। ਮੈਂ ਉਸਨੂੰ ਮਨ੍ਹਾਂ ਵੀ ਕਰਦਾ ਕਿ ਕਿਸੇ ਵੇਖ ਲਿਆ ਤਾਂ ਮਾਰ ਪਵੇਗੀ, ਪਰ ਕਿਥੇ ਰੁਕਣ ਵਾਲੀ ਸੀ ਉਹ। ਮੇਰੇ ਮੰਮਾ ਨੂੰ ਉਸਦਾ ਮੇਰੇ ਕਮਰੇ 'ਚ ਜ਼ਿਆਦਾ ਵਕਤ ਬਿਤਾਉਣ ਤੇ ਫ਼ਿਕਰ ਹੋਣ ਲੱਗੀ। ਉਹ ਉਸਨੂੰ ਜਲਦੀ ਹੀ ਆਵਾਜ਼ ਮਾਰ ਨੀਚੇ ਬੁਲਾ ਲੈਂਦੇ। ਮੇਰਾ ਮਨ ਵੀ ਕਰਨ ਲੱਗ ਪਿਆ ਕਿ ਉਹ ਮੇਰੇ ਕੋਲ ਹੀ ਬੈਠੀ ਰਿਹਾ ਕਰੇ। ਉਸਦੇ ਹੁੰਦਿਆਂ ਮੇਰੀ ਪੜ੍ਹਾਈ ਜ਼ਿਆਦਾ ਚੰਗੀ ਤਰ੍ਹਾਂ ਹੁੰਦੀ, ਪਰ ਮੇਰੇ ਮੰਮਾ ਨੂੰ ਆਪਣਾ ਅਲੱਗ ਹੀ ਖਦਸ਼ਾ ਸੀ। ਇਕ ਵਾਰ ਪਿਆਰ 'ਚ ਉਹ ਏਨੀ ਪਹੁਚੀ ਕਿ ਆ ਕੇ ਉਸਨੇ ਮੇਰਾ ਮੱਥ ਚੁੰਮ ਲਿਆ ਅਤੇ ਮੈਂ ਉਸਦਾ। ਪਤਾ ਨਹੀਂ ਇਨ੍ਹਾਂ ਲੰਮ੍ਹਿਆਂ 'ਚ ਕਿੰਨਾ ਸਕੂਨ ਸੀ। ਮੈਨੂੰ ਲੱਗਿਆ ਜਿਵੇਂ ਅਰਸ਼ਾਂ ਦੀ ਚੜ੍ਹੀ ਥਕਾਵਟ ਕੁਝ ਪਲਾਂ 'ਚ ਹੀ ਦੂਰ ਹੋ ਗਈ ਹੋਵੇ। ਥੋੜ੍ਹੇ ਦਿਨਾਂ ਬਾਅਦ ਸਾਡੇ ਨਤੀਜੇ ਨਿਕਲੇ ਉਹ ਆਪਣੀ ਛੇਵੀਂ ਕਲਾਸ 'ਚੋਂ ਪਾਸ ਹੋ ਗਈ ਅਤੇ ਮੇਰਾ ਨਾਮ ਮੈਰਿਟ ਲਿਸਟ 'ਚ ਆਇਆ ਤੇ ਮੈਨੂੰ ਮੈਰਿਟ ਸਕਾਲਰਸ਼ਿਪ ਵੀ ਮਿਲਿਆ। ਮੇਰੀ ਇਸ ਸਫ਼ਲਤਾ 'ਚ ਮੇਰੇ ਸਕੂਲ, ਮੇਰੇ ਮੰਮਾ ਪਾਪਾ ਤੇ ਸੰਤੋਸ਼ ਦੀਆਂ ਸੱਚੀਆਂ ਦੁਆਵਾਂ, ਪਿਆਰ ਅਤੇ ਅਪਣੱਤ ਵੀ ਸ਼ਾਮਲ ਸੀ। ਉਹ ਆਪਣਾ ਨਤੀਜਾ ਮੈਨੂੰ ਉਪਰ ਚੁਬਾਰੇ 'ਚ ਦੱਸਣ ਆਈ ਮੇਰੇ ਨਾਲ ਚਿਮੜ ਹੀ ਗਈ, ਖ਼ੁਸ਼ੀ 'ਚ ਉਹ ਅੱਜ ਸਮ੍ਹਾਂ ਹੀ ਨਹੀਂ ਰਹੀ ਸੀ।

ਸਾਰਾ ਸ਼ਹਿਰ ਸੋਚਦਾ ਸੀ ਮੈਂ ਪਰੈਪ ਮੈਡੀਕਲ 'ਚ ਦਾਖ਼ਲਾ ਲਵਾਂਗਾ ਪਰ ਮੈਨੂੰ ਡੱਡੂਆਂ ਦਾ ਚੀਰ ਫਾੜ ਪਸੰਦ ਨਹੀਂ ਆਇਆ। ਮੈਨੂੰ ਲੱਗਿਆ ਜੇ ਕਿਸੇ ਨੂੰ ਜੀਵਨ ਦੇ ਨਹੀਂ ਸਕਦੇ ਤਾਂ ਕਿਸੇ ਦੀ ਜਾਨ ਲਈ ਕਿਉਂ ਜਾਏ। ਮੈਂ ਪਰੈਪ ਇੰਜੀਨੀਅਰਿੰਗ 'ਚ ਦਾਖ਼ਲਾ ਲੈ ਲਿਆ। ਮੇਰਾ ਕਦ ਕਾਠ ਅਤੇ ਅਕਾਦਮਿਕ ਰੁੱਤਬਾ ਦੇਖ ਕੇ ਕਾਲਿਜ ਦੇ ਮੁੱਢਲੇ ਦਿਨਾਂ 'ਚ ਕੁਝ ਕੁੜੀਆਂ ਨੇ ਮੇਰੇ ਨੇੜੇ ਆਉਣ ਦੀ ਕੋਸ਼ਿਸ਼ ਕੀਤੀ ਪਰ ਜਿਥੇ ਮੈਨੂੰ ਸੰਤੋਸ਼ ਸੀ ਉਥੇ ਹੋਰ ਕੋਈ ਨਹੀਂ ਸੀ। ਮੈਂ ਉਨ੍ਹਾਂ ਤੋਂ ਵਿੱਥ ਹੀ ਰੱਖੀ।

ਸਾਡੀ ਉਮਰ ਵੱਧ ਰਹੀ ਸੀ। ਸੰਤੋਸ਼ 14 ਵਰ੍ਹਿਆਂ ਦੀ ਹੋ ਗਈ ਸੀ ਤੇ ਮੈਂ 16 ਵਰ੍ਹਿਆਂ ਦਾ। ਉਸਦੀਆਂ ਛਾਤੀਆਂ ਭਰ ਆਈਆਂ ਸਨ ਤੇ ਚਾਲ 'ਚ ਵੀ ਮਟਕ ਆ ਰਹੀ ਸੀ। ਸੁਹੱਪਣ ਦਿਨੋਂ ਦਿਨ ਵੱਧ ਰਿਹਾ ਸੀ, ਬਾਰ-ਬਾਰ ਸ਼ੀਸ਼ਾ ਵੇਖਣਾ, ਆਪਣੇ ਵਾਲ ਸੰਵਾਰਨੇ, ਕਦੀ ਕੁੱਝ ਕਦੀ ਕੁੱਝ ਕਰਨਾ। ਮਨ ਨੂੰ ਟਿਕਾਅ ਕਿੱਥੇ ਆਵੇ ਜਵਾਨੀ ਦੀ ਇਸ ਉਮਰੇ। ਜਵਾਨੀ ਤਾਂ ਹੁੰਦੀ ਹੀ ਮਸਤਾਨੀ ਹੈ। ਮਨ ਉਡੂੰ ਉਡੂੰ ਕਰਦਾ ਸੀ। ਮੇਰੀ ਵੀ ਕੱਕੀ ਦਾੜ੍ਹੀ ਆ ਰਹੀ ਸੀ, ਆਵਾਜ਼ ਭਾਰੀ ਹੋ ਰਹੀ ਸੀ ਤੇ ਮੈਂ ਦਸਤਾਰ ਬੜਾ ਸਮਾਂ ਲਾ ਕੇ ਟਿਕਾ ਟਿਕਾ ਕੇ ਬੰਨ੍ਹਣੀ ਤਾਂ ਜੋ ਹੋਰ ਸੋਹਣੀ ਲੱਗੇ ਅਤੇ ਕੋਈ ਕਸਰ ਨਾ ਰਹਿ ਜਾਵੇ।

ਕੁੜੀਆਂ ਵੱਲ ਨਜ਼ਰ ਬਦਲ ਰਹੀ ਸੀ। ਉਨ੍ਹਾਂ ਦਾ ਸਾਥ ਚੰਗਾ ਲੱਗਣ ਲੱਗ ਪਿਆ ਸੀ। ਇਕ ਦਿਨ ਸਾਡੇ ਸਕੂਲ 'ਚ ਲਾਈਫ਼ ਬੁਆਏ ਸਾਬੁਣ ਵਾਲੇ ਆਪਣੇ ਸਾਬੁਣ ਦੀ ਮਸ਼ਹੂਰੀ ਕਰਨ ਆਏ। ਰਾਤ ਨੂੰ ਉਨ੍ਹਾਂ ਨੇ ਆਪਣੇ ਸਾਬੁਣ ਦੀ ਮਸ਼ਹੂਰੀ ਲਈ ਬਣਾਈ ਫ਼ਿਲਮ ਤੋਂ ਇਲਾਵਾ 'ਮੈਂ ਚੁੱਪ ਰਹੂੰਗੀ' ਫ਼ਿਲਮ ਵਿਖਾਈ। ਸਾਰੇ ਸ਼ਹਿਰ ਨੇ ਵੇਖੀ, ਸੰਤੋਸ਼ ਮੇਰੇ ਪਾਸ ਹੀ ਸਾਰੇ ਪਰਿਵਾਰ ਨਾਲ ਬੈਠੀ ਰਹੀ। ਸਾਨੂੰ ਫ਼ਿਲਮ ਵੇਖ ਕੇ ਬੜਾ ਮਜ਼ਾ ਆਇਆ। ਇਹ ਸਾਡੀ ਪਹਿਲੀ ਫਿਲਮ ਸੀ ਜੋ ਅਸੀਂ ਇਕੱਠਿਆਂ ਵੇਖੀ।

ਕੁੱਝ ਦਿਨ ਬਾਅਦ ਸਾਡੇ ਘਰ ਮਹਿਮਾਨ ਆਏ ਜੋ ਮੇਰੇ ਪਾਪਾ ਦੇ ਦੋਸਤ ਸਨ। ਫਰਮਾਇਸ਼ ਹੋਈ ਕਿ ਤੰਦੂਰੀ ਰੋਟੀ ਮੰਗਵਾਈ ਜਾਵੇ। ਘਰ ਤੋਂ ਥੋੜ੍ਹੀ ਦੂਰੀ 'ਤੇ ਹੀ ਇਕ ਹੋਟਲ ਸੀ। ਜ਼ਿਆਦਾਤਰ ਮੈਂ ਜਾਂ ਮੇਰੇ ਵੱਡੇ ਭਾਈ ਸਾਹਿਬ ਨੂੰ ਹੀ ਇਸ ਕੰਮ ਲਈ ਭੇਜਿਆ ਜਾਂਦਾ ਸੀ। ਉਸ ਦਿਨ ਭਾਈ ਸਾਹਿਬ ਘਰ ਨਹੀਂ ਸਨ ਤੇ ਮੈਂ ਉਪਰ ਪੜ੍ਹ ਰਿਹਾ ਸੀ। ਮੇਰੇ ਮੰਮਾ ਨੇ ਸੰਤੋਸ਼ ਨੂੰ ਹੀ ਹੋਟਲ ਤੋਂ ਤੰਦੂਰੀ ਰੋਟੀਆਂ ਫੜ੍ਹ ਲਿਆਉਣ ਲਈ ਕਿਹਾ। ਛੋਟਾ ਸ਼ਹਿਰ ਹੋਣ ਕਰਕੇ ਹਰ ਕੋਈ ਹਰ ਕਿਸੇ ਨੂੰ ਜਾਣਦਾ ਸੀ ਤੇ ਭਾਈਚਾਰਾ ਬਣਿਆ ਹੋਇਆ ਸੀ। ਇਸ ਕਰਕੇ ਕੁੜੀਆਂ ਨਾਲ ਛੇੜਖਾਨੀ ਕਰਨ ਦੀਆਂ ਵਾਰਦਾਤਾਂ ਘੱਟ ਹੀ ਹੁੰਦੀਆਂ ਸਨ। ਸੰਤੋਸ਼ ਰੋਟੀਆਂ ਤਾਂ ਲੈ ਆਈ ਪਰ ਉਸਨੂੰ ਹੋਟਲ 'ਤੇ ਕੰਮ ਕਰਦੇ ਮੁੰਡਿਆਂ ਦੇ ਅੱਖ ਮੱਟਕੇ ਤੇ ਜ਼ਲੀਲ ਹਰਕਤਾਂ ਸਹਿਣੀਆਂ ਪਈਆਂ। ਉਸਨੇ ਬੜੀ ਸ਼ਰਮ ਮਹਿਸੂਸ ਕੀਤੀ। ਉਸਨੇ ਇਸ ਬਾਰੇ ਸਾਨੂੰ ਸਭ ਨੂੰ ਦੱਸਿਆ ਅਤੇ ਕਿਹਾ ਅੱਜ ਤੋਂ ਬਾਅਦ ਮੈਂ ਉਸ ਹੋਟਲ ਤੇ ਕਿਸੇ ਕੰਮ ਵੀ ਨਹੀਂ ਜਾਵਾਂਗੀ। ਮੈਂ ਵੇਖਿਆ ਹੋਟਲ ਤੇ ਕੰਮ ਕਰਦੇ ਮੁੰਡਿਆਂ ਨੇ ਸਾਡੀ ਗਲੀ 'ਚ ਪੱਜੀ ਪੱਜੀ ਗੇੜ੍ਹਾ ਮਾਰਨਾ ਵੀ ਸ਼ੁਰੂ ਕਰ ਦਿੱਤਾ। ਸਾਡੇ ਗੁਆਂਢਣ ਬੇਬੇ ਜੀ ਅਕਸਰ ਉਨ੍ਹਾਂ ਨੂੰ ਘੂਰਦੇ ਅਤੇ ਚੰਗੀਆਂ ਖਰੀਆਂ ਖੋਟੀਆਂ ਸੁਣਾ ਦਿੰਦੇ। ਕਹਿੰਦੇ ਖਬਰਦਾਰ ਜੇ ਕਦੇ ਇਸ ਗਲੀ 'ਚੋਂ ਲੰਘਿਓ। ਤੁਹਾਨੂੰ ਕੋਈ ਹੋਰ ਰਸਤਾ ਨਹੀਂ ਮਿਲਦਾ। ਕੁੱਝ ਦਿਨ ਬਾਅਦ ਫਿਰ ਐਸਾ ਮੌਕਾ ਆਇਆ, ਮੇਰੇ ਮੰਮਾ ਨੇ ਇਸ ਵਾਰ ਮੈਨੂੰ ਤੰਦੂਰੀ ਰੋਟੀਆਂ ਲੈ ਕੇ ਆਉਣ ਲਈ ਕਿਹਾ। ਮੈਂ ਉਥੇ ਗਿਆ ਤਾਂ ਉਥੇ ਕੰਮ ਕਰਦਾ ਇਕ ਮੁੰਡੂ ਮੇਰੇ ਪਾਸ ਆ ਕੇ ਕਹਿਣ ਲੱਗਾ "ਸਰਦਾਰ ਸਾਹਿਬ ਆਪਨੇ ਕਿਉਂ ਤਕਲੀਫ਼ ਕੀਤੀ ਆਪਣੀ ਨੌਕਰ ਕੁੜੀ ਕੋ ਭੇਜ ਦੀਆ ਹੋਤਾ।" ਮੈਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਮੈਂ ਉਸ ਮੁੰਡੇ ਨੂੰ ਗਲੋਂ ਫੜ ਥੱਲੇ ਸੁੱਟ ਲਿਆ ਅਤੇ ਕਿੰਨੇ ਸਾਰੇ ਘਸੁੰਨ ਉਸਦੇ ਮੂੰਹ 'ਤੇ ਜੜ੍ਹ ਦਿੱਤੇ। ਸਾਡੀ ਆਪਸ ਵਿੱਚ ਹੱਥੋਪਾਈ ਸ਼ੁਰੂ ਹੋ ਗਈ। ਇੰਨੇ ਨੂੰ ਹੋਟਲ ਦਾ ਮਾਲਕ ਉਥੇ ਕੰਮ ਕਰਦੇ ਸਭ ਮੁੰਡੇ ਅਤੇ ਰੋਟੀ ਖਾ ਰਹੇ ਲੋਕਾਂ ਨੇ ਸਾਨੂੰ ਛੁੜਾ ਦਿੱਤਾ। ਮੈਂ ਕਿਹਾ, ਜੇ ਇਨ੍ਹਾਂ ਮੁੰਡਿਆਂ 'ਚੋਂ ਕਿਸੇ ਨੇ ਵੀ ਕਿਸੇ ਧੀ ਭੈਣ ਨੂੰ ਛੇੜਿਆ ਜਾਂ ਸਾਡੀ ਗਲੀ 'ਚੋਂ ਦੁਬਾਰਾ ਲੰਘੇ ਤਾਂ ਸਾਡੇ ਤੋਂ ਬੁਰਾ ਕੋਈ ਨਹੀਂ ਹੋਵੇਗਾ। ਅਸੀਂ ਉਹਦੀਆਂ ਲੱਤਾਂ ਤੋੜ ਦਿਆਂਗੇ ਅਤੇ ਅੱਖਾਂ ਕੱਢ ਦਿਆਂਗੇ। ਹੋਟਲ ਦੇ ਮਾਲਕ ਨੇ ਆਪਣੇ ਨੌਕਰਾਂ ਨੂੰ ਮੂੰਹ ਭਰਕੇ ਗਾਲ੍ਹਾਂ ਕੱਢੀਆਂ ਅਤੇ ਇਨ੍ਹਾਂ ਦੀਆਂ ਹਰਕਤਾਂ ਤੇ ਮਾਫ਼ੀ ਵੀ ਮੰਗੀ। ਉਸਦੇ ਹੋਟਲ ਦੀ ਇੱਜ਼ਤ ਦਾ ਸਵਾਲ ਸੀ। ਮੈਂ ਘਰ ਆ ਕੇ ਸਾਰੀ ਗੱਲ ਦੱਸੀ। ਮੇਰੇ ਮੰਮਾ ਨੇ ਸੰਤੋਸ਼ ਦਾ ਹੋਟਲ 'ਤੇ ਜਾਣਾ ਬਿਲਕੁਲ ਬੰਦ ਕਰ ਦਿੱਤਾ ਅਤੇ ਕਿਹਾ ਕਿ ਅੱਜ ਤੋਂ ਬਾਅਦ ਘਰ ਤੋਂ ਬਾਹਰ ਇਹ ਕਦੇ ਇਕੱਲਿਆਂ ਨਹੀਂ ਜਾਵੇਗੀ। ਕੁਝ ਦੇਰ ਬਾਅਦ ਸੰਤੋਸ਼ ਮੇਰੇ ਕਮਰੇ 'ਚ ਆ ਗਈ ਅਤੇ ਮੇਰੇ ਮਸਤਕ ਚੰਮਿਆ ਤੇ ਮੈਨੂੰ ਘੁੱਟ ਕੇ ਜੱਫੀ ਪਾਈ। ਉਸ ਕਿਹਾ ਮੇਰੀ ਖਾਤਰ ਹੋਟਲ ਦੇ ਮੁੰਡਿਆਂ ਨਾਲ ਲੜ ਆਏ ਹੋ। ਇਹ ਸਾਡੀ ਪਹਿਲੀ ਜੱਫੀ ਸੀ ਜਿਸ 'ਚ ਮੈਨੂੰ ਅੰਤਾਂ ਦੀ ਅਪਣੱਤ ਅਤੇ ਨਿੱਘ ਮਹਿਸੂਸ ਹੋਈ।

ਕੁੱਝ ਹੀ ਦਿਨਾਂ ਬਾਅਦ ਸੰਤੋਸ਼ ਦੇ ਪਿਤਾ ਮਾਂਗੇ ਰਾਮ ਸਾਡੇ ਘਰ ਆਏ। ਉਸਦੀ ਉਸੇ ਤਰ੍ਹਾਂ ਹੀ ਆਉ ਭਗਤ ਹੋਈ ਜਿਸ ਤਰ੍ਹਾਂ ਪਹਿਲੀ ਵਾਰ ਆਏ ਦੀ ਹੋਈ ਸੀ। ਮੇਰੇ ਪਾਪਾ ਨੇ ਮਾਂਗੇ ਰਾਮ ਨੂੰ ਇਸ ਵਾਰ 200 ਰੁਪੈ ਇਮਦਾਦ ਵੱਜੋਂ ਦਿੱਤੇ। ਉਸ ਆਪਣੀ ਕੁੜੀ ਨੂੰ ਖੁਸ਼ ਦੇਖਿਆ ਅਤੇ ਇਹ ਜਾਣ ਕੇ ਵੀ ਧੰਨਵਾਦ ਕੀਤਾ ਕਿ ਉਹ ਛੇਵੀਂ ਕਲਾਸ ਪਾਸ ਕਰ ਹੁਣ ਸਤਵੀਂ ਕਲਾਸ 'ਚ ਹੋ ਗਈ ਹੈ। ਉਸ ਨੇ ਆਪਣੇ ਘਰ ਦਾ ਦੁਖ ਸੁਖ ਕੀਤਾ ਅਤੇ ਦੁਪਹਿਰ ਦੀ ਰੋਟੀ ਖਾ ਕੇ ਫਿਰ ਸ਼ਾਮ ਨੂੰ ਸਾਢੇ ਚਾਰ ਵਜੇ ਵਾਲੀ ਬੱਸ ਪਕੜ ਕੇ ਪਠਾਨਕੋਟ ਲਈ ਰਵਾਨਾ ਹੋ ਗਿਆ। ਨਾ ਸੰਤੋਸ਼ ਨੂੰ ਉਸਨੇ ਆਪਣੇ ਨਾਲ ਆਣ ਲਈ ਕਿਹਾ ਅਤੇ ਨਾ ਹੀ ਸੰਤੋਸ਼ ਨੇ ਹੀ ਉਸ ਨਾਲ ਜਾਣ ਦੀ ਕੋਈ ਇੱਛਾ ਵਿਖਾਈ।

ਇਸ ਵਾਰ ਸੰਤੋਸ਼ ਨੇ ਵੀ ਬੜੀ ਮਿਹਨਤ ਕੀਤੀ ਅਤੇ ਉਹ ਆਪਣੀ ਕਲਾਸ 'ਚੋਂ ਫਸਟ ਰਹੀ ਤੇ ਮੈਂ ਆਪਣੀ ਕਲਾਸ 'ਚੋਂ ਫਸਟ ਆਇਆ। ਅਸਾਂ ਇਕ ਦੂਜੇ ਨੂੰ ਮੁਬਾਰਕ ਦਿੱਤੀ ਅਤੇ ਇਕ ਦੂਸਰੇ ਦੇ ਮਸਤਕ ਤੇ ਹੱਥਾਂ ਨੂੰ ਚੁੰਮਿਆਂ ਤੇ ਜੱਫੀ ਵੀ ਪਾਈ। ਉਸ ਨੇ ਕਿਹਾ ਕਿ ਆਪ ਸਭ ਨੇ ਮੈਨੂੰ ਮੇਰਾ ਪਿੰਡ ਚੰਬਾ ਭੁਲਾ ਦਿੱਤਾ ਹੈ। ਮੇਰੀ ਪੜ੍ਹਾਈ ਕਿੱਥੇ ਚਲਦੀ ਸੀ ਉਥੇ। ਮੈਂ ਕਿਹਾ ਕਿ ਤੁਸੀਂ ਵੀ ਤਾਂ ਐਨਾ ਕੰਮ ਕਰਦੇ ਹੋ, ਮੰਮਾ ਨਾਲ ਕੰਮ 'ਚ ਹੱਥ ਵਟਾਉਂਦੇ ਹੋ ਤੇ ਭੈਣ ਭਰਾਵਾਂ ਦੀ ਮਦਦ ਵੀ ਕਰਦੇ ਹੋ। ਮੈਂ ਆਪਣੀ ਪਾਕੇਟ ਮਨੀ 'ਚੋਂ ਬਚਾ ਕੇ ਰੱਖੇ ਕੁੱਝ ਰੁਪਏ ਕੱਢ ਉਸ ਨੂੰ ਦਿੱਤੇ ਤੇ ਕਿਹਾ ਕਿ ਕੱਲ੍ਹ ਸਕੂਲ ਜਾ ਕੇ ਆਪਣੀਆਂ ਸਖੀਆਂ ਸਹੇਲੀਆਂ ਨਾਲ ਆਪਣੀ ਸਫ਼ਲਤਾ ਨੂੰ ਸੈਲੀਬਰੇਟ ਕਰੇ। ਘਰ 'ਚ ਆਂਢ ਗੁਆਂਢ ਮੇਰੀ ਮਾਂ ਨੇ ਖੁਸ਼ੀ 'ਚ ਲੱਡੂ ਵੰਡੇ ਅਤੇ ਇੱਕ ਡੱਬਾ ਲੱਡੂਆਂ ਦਾ ਗੁਰਦੁਆਰਾ ਸਾਹਿਬ ਸ਼ੁਕਰਾਨੇ ਵਜੋਂ ਭੇਜਿਆ ਅਤੇ 21 ਰੁਪੈ ਦੀ ਅਰਦਾਸ ਵੀ ਕਰਵਾਈ। ਸਾਡੇ ਆਂਢ ਗੁਆਂਢ 'ਚ ਸੰਤੋਸ਼ ਦੇ ਫਸਟ ਆਣ ਦੀ ਬੜੀ ਚਰਚਾ ਸੀ। ਸਾਡੇ ਗੁਆਂਢਣ ਬੇਬੇ ਜੀ ਨੇ ਕਿਹਾ ਇਨ੍ਹਾਂ ਨੇ ਸੰਤੋਸ਼ ਨੂੰ ਨੌਕਰ ਦੀ ਤਰ੍ਹਾਂ ਰੱਖਿਆ ਹੀ ਕਿੱਥੇ ਹੈ। ਮੈਂ ਤਾਂ ਕਦੇ ਇਹਨੂੰ ਝਿੜਕਾਂ ਪੈਂਦੀਆਂ ਵੀ ਨਹੀਂ ਸੁਣੀਆਂ, ਇਸ ਨੂੰ ਪੁਚਕਾਰਦੇ ਹੀ ਵੇਖਿਆ ਹੈ। ਤਾਹੀਓਂ ਤਾਂ ਇਹ ਪੜ੍ਹਾਈ 'ਚ ਐਨੀ ਹੁਸ਼ਿਆਰ ਨਿਕਲੀ ਹੈ। ਨਾਲ ਕਿਹਾ ਕਿ ਹੁਣ ਇਹ ਮੁਟਿਆਰ ਹੋ ਗਈ ਹੈ ਅਤੇ ਸੋਹਣੀ ਵੀ ਅੰਤਾਂ ਦੀ ਹੋ ਗਈ ਹੈ। ਲੰਮਾਂ ਕੱਦ, ਸਰੀਰ ਗੁੰਦਿਆ ਹੋਇਆ ਤੇ ਵਾਲ ਧਿਆਨ ਨਾਲ ਸੰਵਾਰੇ ਹੋਏ, ਪਹਾੜਨ ਜੋ ਠਹਿਰੀ। 2-3 ਇਸ ਕੋਲ ਸਲਵਾਰ ਕਮੀਜ਼ ਦੇ ਜੋੜੇ ਹਨ ਤੇ ਸਕੂਲ ਦੀ ਵਰਦੀ ਹੈ। ਇਸ ਨੂੰ ਕੁੱਝ ਪਵਾ ਦਿਉ ਬੜਾ ਹੀ ਫੱਬ ਜਾਂਦਾ ਹੈ ਤੇ ਕਿਹਾ ਚਾਲ ਤਾਂ ਦੇਖੋ ਇਸ ਕਰਮਾਂ ਮਾਰੀ ਦੀ, ਕਿੰਨਾ ਰੂਪ ਚੜ੍ਹ ਆਇਆ ਹੈ ਇਕ ਦੋ ਸਾਲਾਂ 'ਚ ਹੀ। ਅਸ਼ਕੇ ਜਾਈਏ ਇਸ ਪਰਿਵਾਰ ਦੇ ਇਕ ਨੌਕਰ ਨੂੰ ਵੀ ਧੀ ਤਰ੍ਹਾਂ ਪਾਲਿਆ ਹੈ। ਕਮਾਉਣ ਵਾਲ ਇਕ-ਵੱਡਾ ਪਰਿਵਾਰ, ਪਰ ਫਿਰ ਵੀ ਕਿਸੇ ਨੇ ਕੋਈ ਕਸਰ ਨਹੀਂ ਛੱਡੀ ਅਤੇ ਕਦੇ ਕੋਈ ਕਮੀ ਨਹੀਂ ਆਣ ਦਿੱਤੀ ਇਸ ਕੁੜੀ ਨੂੰ। ਮੈਨੂੰ ਇਹ ਗੱਲਾਂ ਸੁਣ ਬੜਾ ਚੰਗਾ ਲੱਗਿਆ। ਪ੍ਰਸ਼ੰਸਾ ਕਿਸ ਨੂੰ ਚੰਗੀ ਨਹੀਂ ਲਗਦੀ। ਨਾਲੇ ਪ੍ਰਸ਼ੰਸਾ ਵੀ ਸੰਤੋਸ਼ ਦੀ ਹੋ ਰਹੀ ਸੀ।

ਜ਼ਿੰਦਗੀ ਇੰਜ ਹੀ ਤੇਜ਼ੀ ਨਾਲ ਬੀਤੀ ਜਾ ਰਹੀ ਸੀ ਮਿੱਠੀਆਂ ਪਿਆਰੀਆਂ ਯਾਦਾਂ 'ਚ ਸੰਜੋਂਦਿਆਂ। ਇਕ ਸਾਲ ਹੋਰ ਲੰਘ ਗਿਆ। ਇਕ ਦਿਨ 4-5 ਪਿੰਡ ਦੇ ਲੋਕ ਸਾਡੇ ਘਰ ਆਏ, ਕੋਈ ਕੰਮ ਸੀ ਸ਼ਹਿਰ 'ਚ। ਡਰਾਇੰਗ ਰੂਮ 'ਚ ਬੈਠੇ ਠੱਠਾ-ਮਖੌਲ ਚਲਦਾ ਰਿਹਾ। ਗੱਲਾਂ ਹੀ ਗੱਲਾਂ ਵਿੱਚ ਕਿਸੇ ਨੇ ਕਿਹਾ ਕਿ ਗੁਰੂ ਹਰਸਹਾਏ ਵਾਲੇ ਸੋਢੀ ਨੇ ਆਪਣੀ ਨੌਕਰਾਣੀ ਨਾਲ

ਹੀ ਸ਼ਾਦੀ ਕਰ ਲਈ ਸੀ ਆਪਣੀ ਪਤਨੀ ਦੇ ਗੁਜ਼ਰਨ ਦੇ 2-3 ਮਹੀਨੇ ਬਾਅਦ ਹੀ। ਫਲਾਣੀ ਔਰਤ ਫਲਾਣੇ ਨਾਲ ਭੱਜ ਗਈ। ਫਲਾਣਾ ਫਲਾਣੀ ਨਾਲ ਖੇਹ ਖਾਂਦਾ ਫੜਿਆ ਗਿਆ। ਦੋਹਾਂ ਪਰਿਵਾਰਾਂ 'ਚ ਜੰਮ ਕੇ ਲੜਾਈ ਹੋਈ, ਦੋ ਕਤਲ ਹੋ ਗਏ ਅਤੇ ਮਾਮਲਾ ਕਚਹਿਰੀ 'ਚ ਚਲ ਰਿਹੈ। ਕੀ ਖਟਿਆ, ਵਰ੍ਹਿਆਂ ਦੀ ਕਮਾਈ ਖ਼ਾਨਦਾਨ ਦੀ ਇੱਜ਼ਤ ਆਪਣੇ ਚਸਕਿਆਂ 'ਚ ਇਕ ਪਲ 'ਚ ਹੀ ਮਿੱਟੀ 'ਚ ਮਿਲਾ ਦਿੱਤੀ। ਇਸੇ ਤਰ੍ਹਾਂ ਹੋਰ ਗੱਲਾਂ ਚਲਦੀਆਂ ਰਹੀਆਂ। ਮੇਰਾ ਮਨ ਇਹ ਸਭ ਗੱਲਾਂ ਸੁਣ ਕੇ ਦਹਿਲ ਗਿਆ। ਕੀ ਇਸ਼ਕ ਕਰਨਾ ਜਾਂ ਸੱਚੀ ਮੁਹੱਬਤ ਕਰਨਾ ਕੋਈ ਐਸਾ ਗੁਨਾਹ ਹੈ ਤੇ ਫਿਰ ਉਸ ਦੀ ਐਨੀ ਜ਼ਿਆਦਾ ਸਜ਼ਾ। ਕੀ ਕੋਈ ਖ਼ੁਦਾ ਦੀ ਰਜ਼ਾ ਤੋਂ ਬਿਨਾਂ ਕਿਸੇ ਨੂੰ ਮਿਲ ਸਕਦੈ ਤੇ ਕਿਸੇ ਦੀ ਜ਼ਿੰਦਗੀ 'ਚ ਆ ਸਕਦੈ। ਇਹ ਤਾਂ ਸਭ ਉਸ ਦੀ ਖੇਡ ਹੈ। ਕਿਸਨੇ ਕਿਸਦਾ ਸੋਲਮੇਟ ਬਣਨਾ ਹੈ। ਉਹ ਤਾਂ ਲੰਗਰ ਪਾਣੀ ਛੱਕ ਅਤੇ ਗੱਲਾਂ ਕਰਕੇ ਚਲੇ ਗਏ ਪਰ ਕਈ ਦਿਨਾਂ ਤੱਕ ਉਨ੍ਹਾਂ ਦੀਆਂ ਗੱਲਾਂ ਮੇਰੇ ਦਿਮਾਗ 'ਚ ਘੁੰਮਦੀਆਂ ਰਹੀਆਂ। ਕਈ ਸਵਾਲ ਮੇਰੇ ਮਨ 'ਚ ਆਉਂਦੇ ਰਹੇ ਤੇ ਮੈਨੂੰ ਸੌਣ ਨਾ ਦਿੰਦੇ। ਮੈਨੂੰ ਸੰਤੋਸ਼ ਨਾਲ ਆਪਣੇ ਵਧਦੇ ਰਿਸ਼ਤੇ ਬਾਰੇ ਚਿੰਤਾ ਹੋਣ ਲੱਗੀ ਕਿ ਇਸਦਾ ਵੀ ਕਿਤੇ ਅਜਿਹਾ ਹੀ ਹਸ਼ਰ ਨਾ ਹੋਵੇ। ਕਿਸੇ ਨੂੰ ਪਤਾ ਲੱਗਿਆ ਤਾਂ ਲੋਕ ਕੀ ਕਹਿਣਗੇ। ਇਕ ਨੌਕਰਾਣੀ 'ਤੇ ਮਰ ਗਿਆ, ਡਿਗਿਆ ਤਾਂ ਡਿਗਿਆ ਵੀ ਕਿੱਥੇ? ਅਮਾਨਤ 'ਚ ਖਿਆਨਤ ਕੀਤੀ। ਧੀਆਂਵਾਲਾ ਘਰ ਸੀ ਇਥੇ ਵੀ ਇੰਝ ਹੋਇਆ। ਸੰਤੋਸ਼ ਦੇ ਪਿਤਾ ਦੀ ਗਰੀਬੀ ਦਾ ਨਾਜਾਇਜ਼ ਫਾਇਦਾ ਚੁੱਕਿਆ। ਮੁੰਡਾ ਤਾਂ ਬੜਾ ਸਾਊ ਤੇ ਲਾਇਕ ਸੀ ਤੇ ਕੁੜੀ ਵੀ ਕਲਾਸ 'ਚੋਂ ਫਸਟ ਆਉਂਦੀ ਸੀ। ਇਨ੍ਹਾਂ ਪਾੜ੍ਹਿਆਂ ਦੀ ਮੱਤ ਨੂੰ ਕੀ ਹੋ ਗਿਐ। ਮੇਰੇ ਮਾਂ ਬਾਪ ਦੀ ਸ਼ਹਿਰ 'ਚ ਬਣੀ ਇੱਜ਼ਤ, ਘਰ ਦੇ ਸੰਸਕਾਰ ਅਤੇ ਸਮਾਜ ਦਾ ਖਿਆਲ ਕਿੱਥੇ ਗਿਆ। ਇਹ ਸਵਾਲ ਮੈਨੂੰ ਸੌਣ ਨਾ ਦਿੰਦੇ। ਨਾ ਹੀ ਮੈਨੂੰ ਇਨ੍ਹਾਂ ਦਾ ਕੋਈ ਮੁਨਾਸਿਬ ਉੱਤਰ ਹੀ ਸੁਝਿਆ। ਬਸ ਮਨ ਦਹਿਲ ਜਿਹਾ ਗਿਆ। ਸਾਡੀ ਮੁਹੱਬਤ ਸੱਚੀ ਸੀ, ਇਸ਼ਕ ਹਕੀਕੀ ਸੀ ਪਰ ਇਸ ਨੂੰ ਕੌਣ ਜਾਣਦਾ ਸੀ। ਹੀਰ ਰਾਂਝੇ, ਸੱਸੀ ਪੁੰਨੂੰ ਅਤੇ ਸ਼ੀਰੀ ਫਰਿਹਾਦ ਦੀ ਮੁਹੱਬਤ ਵੀ ਤਾਂ ਸੱਚੀ ਸੀ, ਕੀ ਕਿਸੇ ਨੇ ਇਸਨੂੰ ਪ੍ਰਵਾਨ ਕੀਤਾ? ਰਾਂਝੇ ਨੂੰ ਮਾਰ ਦਿੱਤਾ, ਪੁਨੂੰ ਨੂੰ ਮਾਰ ਦਿੱਤਾ, ਇਹੀ ਹਾਲ ਫਰਿਹਾਦ ਦਾ ਹੋਇਆ। ਦੁਨੀਆਂ ਆਸ਼ਕਾਂ ਨਾਲ ਕਦ ਖੜੋਈ ਹੈ। ਸਭ ਨੇ ਇਨ੍ਹਾਂ ਦਾ ਖੂਬ ਮਜ਼ਾਕ ਉਡਾਇਆ ਹੈ ਅਤੇ ਇਨ੍ਹਾਂ 'ਤੇ ਅੰਤਾਂ ਦਾ ਜ਼ੁਲਮ ਢਾਇਆ ਹੈ।

ਇਕ ਦਿਨ ਮਸਿਆ ਦੀ ਕਾਲੀ ਰਾਤ ਸੀ, ਨੀਚੇ ਵਿਹੜੇ 'ਚ ਮੇਰਾ ਸਾਰਾ ਪਰਿਵਾਰ ਸੌਂ ਰਿਹਾ ਸੀ। ਕੂਲਰ ਚੱਲ ਰਿਹਾ ਸੀ ਤੇ ਬੜੀ ਆਵਾਜ਼ ਵੀ ਕਰ ਰਿਹਾ ਸੀ, ਸੰਤੋਸ਼ ਮੇਰੇ ਕੋਲ ਉਪਰ ਆ ਗਈ ਅਤੇ ਮੇਰੇ ਨਾਲ ਲੇਟ ਗਈ। ਕਿਹਾ ਕਿ ਨੀਚੇ ਅੱਜ ਉਸਨੂੰ ਨੀਂਦ ਨਹੀਂ ਸੀ ਆ ਰਹੀ ਸੀ। ਮੈਂ ਪੁੱਛਿਆ ਉਸ ਨੂੰ ਇਦਾਂ ਕਰਦਿਆਂ ਕੋਈ ਡਰ ਨਹੀਂ ਲੱਗਿਆ। ਉਸ ਕਿਹਾ ਜੇ ਡਰ ਲੱਗਦਾ ਤਾਂ ਉੱਪਰ ਆਉਂਦੀ ਹੀ ਕਿਉਂ? ਡਰ ਤਾਂ ਮੇਰਾ ਉਸ ਦਿਨ ਹੀ ਖ਼ਤਮ ਹੋ ਗਿਆ ਸੀ ਜਦ ਤੁਸਾਂ ਨੇ ਆਪਣੀ ਦਸਤਾਰ ਲਾਹ ਕੇ ਮੇਰਾ ਨੰਗ ਢੱਕ ਕੇ ਮੇਰੀ ਇੱਜ਼ਤ ਰੱਖ ਲਈ ਸੀ। ਮੈਂ ਉਸ ਨੂੰ ਆਪਣੇ ਮਨ 'ਚ ਆ ਰਹੇ ਸਵਾਲਾਂ ਬਾਰੇ ਦੱਸਿਆ। ਉਸ ਕਿਹਾ ਕਿ ਕੋਈ ਫ਼ਿਕਰ ਨਾ ਕਰੋ ਜਦੋਂ ਵਕਤ ਆਇਆ ਦੇਖਾਂਗੇ। ਜਦੋਂ ਮਿਲਾਣ ਵਾਲਾ ਰੱਬ ਹੈ ਤਾਂ ਰੱਖਣ ਵਾਲਾ ਵੀ ਰੱਬ ਹੀ ਹੈ। ਫਿਰ ਪਤਾ ਹੀ ਨਹੀਂ ਲੱਗਿਆ ਕਦੋਂ ਅਸੀਂ ਗੱਲਾਂ ਕਰਦੇ ਇਕ ਦੂਸਰੇ ਦੀਆਂ ਬਾਹਾਂ ਵਿੱਚ ਸੌਂ ਗਏ। ਸਵੇਰੇ 4 ਵਜੇ ਤੋਂ ਪਹਿਲਾਂ ਉੱਠ ਸੰਤੋਸ਼ ਨੀਚੇ ਚਲੀ ਗਈ ਅਤੇ ਮੱਝਾਂ ਨੂੰ ਪੱਠੇ ਪਾਣ ਲੱਗ ਗਈ ਤੇ ਉਨ੍ਹਾਂ ਦੀ ਸਫ਼ਾਈ ਅਤੇ ਗੋਹਾ-ਕੂੜਾ ਵਗੈਰਾ ਕਰਨ ਲੱਗ ਪਈ। ਮੇਰੇ ਮੰਮਾ ਉੱਠੇ ਤੇ ਪੁੱਛਿਆ ਅੱਜ ਕੀ ਗੱਲ ਹੋ ਗਈ ਹੈ ਸੰਤੋਸ਼ ਤੈਨੂੰ। ਉਸ ਕਿਹਾ ਮੇਰੀ ਅੱਜ ਜਾਗ ਜਲਦੀ ਖੁੱਲ੍ਹ ਗਈ ਸੀ, ਮੈਂ ਸੋਚਿਆ ਅਜੇ ਮੰਮੀ ਥੋੜ੍ਹੇ ਹੋਰ ਸੌਂ ਲੈਣ ਅਤੇ ਰੈਸਟ ਕਰ ਲੈਣ।

ਕੁੱਝ ਹੀ ਦਿਨਾਂ ਬਾਅਦ ਸਾਡੇ ਫ਼ਾਈਨਲ ਇਮਤਿਹਾਨ ਆਏ ਅਤੇ ਮੈਂ ਪ੍ਰੀ ਇੰਜੀਨੀਅਰਿੰਗ 'ਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ। ਮੇਰਾ ਨਾਮ ਫਿਰ ਮੈਰਿਟ ਲਿਸਟ ਵਿੱਚ ਆਇਆ। ਪੂਰੇ ਪੰਜਾਬ 'ਚ ਮੇਰੀ 11ਵੀਂ ਪੋਜ਼ੀਸ਼ਨ ਸੀ। ਸੰਤੋਸ਼ ਨੇ ਵੀ ਅੱਠਵੀਂ ਪਾਸ ਕਰ ਲਈ ਉਹ ਵੀ ਆਪਣੀ ਕਲਾਸ 'ਚ ਫਸਟ ਤਾਂ ਰਹੀ ਹੀ ਸੀ ਪੂਰੇ ਜ਼ਿਲ੍ਹੇ 'ਚ ਵੀ ਉਸਦਾ ਅੱਛਾ ਰੈਂਕ ਆਇਆ। ਸਾਡੇ ਆਂਢ ਗੁਆਂਢ ਨੇ ਫੇਰ ਮੇਰੇ ਮਾਂ ਬਾਪ ਨੂੰ ਮੁਬਾਰਕ ਦਿੱਤੀ ਅਤੇ ਕਿਹਾ ਮਾਪੇ ਹੋਣ ਤਾਂ ਹੋਣ ਐਸੇ।

ਪ੍ਰੀ ਇੰਜੀਨੀਅਰਿੰਗ ਕਰ ਮੈਨੂੰ ਪਟਿਆਲੇ ਥਾਪਰ ਕਾਲਜ 'ਚ ਮਕੈਨਿਕਲ ਇੰਜੀਨੀਅਰਿੰਗ ਵਿੱਚ ਦਾਖ਼ਲਾ ਮਿਲ ਗਿਆ ਪਰ ਮੈਂ ਇਕ ਦਿਨ ਇੰਜੀਨੀਅਰਿੰਗ 'ਚ ਆਈ ਬੇਰੁਜ਼ਗਾਰੀ ਦੀ ਖਬਰ ਪੜ੍ਹ ਯੂਨੀਵਰਸਿਟੀ ਗਿਆ ਅਤੇ ਉਥੇ ਜਾਕੇ ਬੀ.ਐਸ.ਸੀ. (ਆਨਰਜ਼) ਵਿੱਚ ਦਾਖ਼ਲਾ ਲੈ ਲਿਆ ਅਤੇ ਨਾਲ ਹੀ ਹੋਸਟਲ 'ਚ ਕਮਰਾ ਵੀ ਲੈ ਲਿਆ। ਉਹ ਹਾਈ ਸਕੂਲ 'ਚ 9ਵੀਂ ਕਲਾਸ 'ਚ ਹੋ ਗਈ। ਮੈਂ 15ਵੀਂ ਦਿਨੀਂ ਆਪਣੇ ਘਰ ਆਉਂਦਾ ਸੀ ਉਹ ਬੜੇ ਪਿਆਰ ਨਾਲ ਮੇਰੇ ਮੈਲੇ ਕੱਪੜੇ ਧੋ ਦਿੰਦੀ ਅਤੇ ਕਿੰਨੀਆਂ ਸਾਰੀਆਂ ਗੱਲਾਂ ਕਰਨੀਆਂ ਤੇ ਯੂਨੀਵਰਸਿਟੀ ਲਾਈਫ਼ ਬਾਰੇ ਪੁੱਛਣੀਆਂ। ਕਿਸੇ ਹੋਰ ਲੜਕੀ 'ਤੇ ਮਨ ਤਾਂ ਨਹੀਂ ਆ ਗਿਐ ਕਿਤੇ। ਉਥੇ ਕੈਸਾ ਮਾਹੌਲ ਹੈ ਫਿਰ ਵਾਪਸ ਜਾਣ ਲੱਗੇ ਉਹ ਤੇ ਮੇਰੇ ਮੰਮਾ ਮਿਲਕੇ ਮੇਰੇ ਨਾਲ ਲਿਜਾਉਣ ਲਈ ਦੇਸੀ ਘਿਉ ਅਤੇ ਪਿੰਨੀਆਂ ਦਾ ਇਕ ਇਕ ਡੱਬਾ ਪੈਕ ਕਰ ਦਿੰਦੇ। ਮੇਰੇ ਮੰਮਾ ਨੇ ਕਹਿਣਾ ਕਾਕਾ ਯੂਨੀਵਰਸਿਟੀ 'ਚ ਪੜ੍ਹਦਾ ਹੈਂ, ਹੋਸਟਲ 'ਚ ਰਹਿੰਦਾ ਹੈਂ, ਉਥੇ ਮੈਸ 'ਚ ਚੰਗਾ ਖਾਣਾ ਨਹੀਂ ਮਿਲਦਾ ਉਪਰੋਂ ਯੂਨੀਵਰਸਿਟੀ ਦੀ ਐਨੀ ਔਖੀ ਪੜ੍ਹਾਈ। ਮੈਂ ਆਪਣੇ ਪਾਪਾ ਵੱਲੋਂ ਭੇਜੇ ਜਾਂ ਦਿੱਤੇ ਜਾਂਦੇ ਪੈਸਿਆਂ ਵਿਚੋਂ ਅਤੇ ਮਹੀਨੇ ਦੇ ਮਿਲਦੇ ਵਜ਼ੀਫ਼ੇ ਵਿੱਚੋਂ ਕੁੱਝ ਰੁਪਏ ਜੋੜ ਲੈਂਦਾ ਅਤੇ ਸੰਤੋਸ਼ ਨੂੰ ਦੇ ਜਾਂਦਾ। ਉਹ ਜੋੜ ਲੈਂਦੀ, ਕਹਿੰਦੀ ਕਿਸੇ ਵਕਤ ਸਾਡੇ ਕੰਮ ਆਉਣਗੇ। ਇਕ ਦਿਨ ਵਕਤ ਪਾ ਕੇ ਉਪਰ ਚੁਬਾਰੇ ਮੇਰੇ ਪਾਸ ਆਈ ਤਾਂ ਮੈਂ ਉਸ ਨੂੰ ਕਹਿ ਦਿੱਤਾ ਕਿ ਜੇ ਮੈਂ ਪੜ੍ਹ ਲਿੱਖ ਕੇ ਕੋਈ ਅਫ਼ਸਰ ਬਣਿਆ ਤਾਂ ਕੀ ਉਹ ਮੇਰੇ ਨਾਲ ਸ਼ਾਦੀ ਕਰੇਗੀ ਤਾਂ ਉਸ ਕਿਹਾ ਕਿ ਵਕਤ ਆਵੇਗਾ ਤਾਂ ਦੇਖਾਂਗੇ। ਅਜੇ ਦੋਸਤੀ ਹੀ ਠੀਕ ਹੈ। ਪਹਿਲਾਂ ਪੜ੍ਹ ਤਾਂ ਲਈਏ। ਪਰ ਜਿਸ ਤਰ੍ਹਾਂ ਉਹ ਮੇਰੀ ਸੇਵਾ ਕਰਦੀ ਅਤੇ ਅੱਗੇ ਪਿੱਛੇ ਫਿਰਦੀ, ਜਿਨਾਂ ਉਸਨੂੰ ਚਾਅ ਚੜ੍ਹਿਆ ਹੁੰਦਾ ਮੇਰੇ ਘਰ ਆਏ ਦਾ, ਇਸ ਤਰ੍ਹਾਂ ਲੱਗਦਾ ਜਿਵੇਂ ਉਹ ਮੇਰੀ ਦੋਸਤ ਨਹੀਂ ਪਤਨੀ ਹੀ ਹੋਵੇ। ਮਾਨੋਂ ਦਿਲ ਹੀ ਦਿਲ 'ਚ ਉਸ ਨੇ ਇਸ ਰਿਸ਼ਤੇ ਨੂੰ ਸਹਿਮਤੀ ਦੇ ਦਿੱਤੀ ਹੋਵੇ।

ਕੁੱਝ ਮਹੀਨਿਆਂ ਬਾਅਦ ਮੈਂ ਜਦ 15 ਦਿਨਾਂ ਬਾਅਦ ਯੂਨੀਵਰਸਿਟੀ ਤੋਂ ਘਰ ਆਇਆ ਤਾਂ ਮਾਨੋ ਜਿਵੇਂ ਕੋਈ ਪਹਾੜ ਹੀ ਟੁੱਟ ਪਿਆ ਹੋਵੇ। ਐਤਵਾਰ ਦੁਪਹਿਰ ਮਾਂਗੇ ਰਾਮ ਜੀ ਆ ਗਏ ਅਤੇ ਕਿਹਾ ਕਿ ਮੈਂ ਸੰਤੋਸ਼ ਨੂੰ ਵਾਪਸ ਘਰ ਲੈ ਜਾਣ ਲਈ ਆਇਆ ਹਾਂ। ਇਹ ਸੋਲ੍ਹਾਂ ਵਰ੍ਹਿਆਂ ਦੀ ਹੋ ਗਈ ਹੈ। ਅਸਾਂ ਨੇ ਇਸ ਦੀ ਸ਼ਾਦੀ ਕਰਨੀ ਹੈ। ਸਾਡੇ ਜਵਾਨ ਕੁੜੀਆਂ ਨੂੰ ਜ਼ਿਆਦਾ ਦੇਰ ਘਰ ਨਹੀਂ ਬਿਠਾਉਂਦੇ। ਮੇਰੇ ਮੰਮਾ ਪਾਪਾ ਨੇ ਬੜਾ ਕਿਹਾ ਕਿ ਇਸ ਨੂੰ 10ਵੀਂ ਕਲਾਸ ਤੱਕ ਤਾਂ ਪੜ੍ਹਨ ਦੇਵੇ। ਕੁੜੀ ਦਾ ਕੈਰੀਅਰ ਬਣ ਜਾਵੇਗਾ। ਨਾ ਹੀ ਸੰਤੋਸ਼ ਦਾ ਪੜ੍ਹਾਈ ਵਿੱਚੇ ਛੱਡ ਕੇ ਜਾਣ ਦਾ ਮਨ ਹੀ ਸੀ। ਮੇਰਾ ਮਨ ਖੁੱਸਣ

ਲੱਗਾ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਜੋ ਸੋਚਿਆ ਤੱਕ ਨਹੀਂ ਸੀ ਉਹ ਹੋਣ ਜਾ ਰਿਹਾ ਸੀ ਮੇਰੀਆਂ ਅੱਖਾਂ ਦੇ ਸਾਹਮਣੇ, ਮੇਰੀ ਮੌਜੂਦਗੀ ਵਿੱਚ। ਮੈਂ ਕੁੱਝ ਵੀ ਨਹੀਂ ਸਾਂ ਕਰ ਸਕਦਾ। ਕੁੱਝ ਕਹਿੰਦਾ ਤਾਂ ਉਸ ਦਾ ਪਿਤਾ ਕੁੱਝ ਉਲਟਾ ਮਤਲਬ ਨਿਕਾਲ ਸਕਦਾ ਸੀ। ਮੇਰੇ ਮਾਂ-ਬਾਪ ਵੀ ਪਤਾ ਨਹੀਂ ਕਿਸ ਤਰ੍ਹਾਂ ਇਸ ਗੱਲ ਨੂੰ ਲੈਂਦੇ। ਮੈਂ ਸਭ ਕੁੱਝ ਵਕਤ 'ਤੇ ਛੱਡ ਦਿੱਤਾ, ਅਕਾਲਪੁਰਖ ਦੀ ਰਹਿਮਤ ਅਤੇ ਮਰਜ਼ੀ 'ਤੇ। ਮੇਰੇ ਮੰਮਾ ਨੇ ਕਿਹਾ ਸਾਡੀ ਪੂਰੀ ਜ਼ਿੰਮੇਵਾਰੀ ਹੈ। ਪਰ ਮਾਂਗੇ ਰਾਮ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਉਹ ਪੂਰਾ ਮਨ ਬਣਾ ਕੇ ਆਇਆ ਹੋਇਆ ਸੀ ਅਤੇ ਆਪਣੇ ਸਿਰ ਤੋਂ ਸੰਤੋਸ਼ ਦੇ ਵਿਆਹ ਦੀ ਜ਼ਿੰਮੇਵਾਰੀ ਜਲਦੀ ਤੋਂ ਜਲਦੀ ਲਾਹੁਣਾ ਚਾਹੁੰਦਾ ਸੀ। ਸੰਤੋਸ਼ ਨੇ ਆਪਣੇ ਪਿਤਾ ਨੂੰ ਇਕ ਪਾਸੇ ਲਿਜਾ ਕੇ ਸਾਡੇ ਰਿਸ਼ਤੇ ਬਾਰੇ ਵੀ ਥੋੜ੍ਹਾ ਜਿਹਾ ਦੱਸਿਆ ਅਤੇ ਕਿਹਾ ਕਿ ਉਹ ਇਥੇ ਬੜੀ ਖੁਸ਼ ਹੈ ਸਭ ਉਸ ਨੂੰ ਪਿਆਰ ਕਰਦੇ ਹਨ ਅਤੇ ਉਹ ਹੋਰ ਪੜ੍ਹਣਾ ਚਾਹੁੰਦੀ ਹੈ। ਉਸ ਕਿਹਾ ਕਿ ਜਵਾਨੀ ਦੀ ਉਮਰ ਤਿਲਕਣ ਦੀ ਉਮਰ ਹੁੰਦੀ ਹੈ। ਜਵਾਨੀ ਦੇ ਵਾਅਦੇ ਕੱਚੇ ਵਾਅਦੇ ਹੁੰਦੇ ਹਨ। ਇਨ੍ਹਾਂ 'ਚ ਵਾਸ਼ਨਾ ਪ੍ਰਬੱਲ ਹੁੰਦੀ ਹੈ ਪਿਆਰ ਨਹੀਂ। ਤੈਨੂੰ ਕਿਤੇ ਜ਼ਿਬਾਹ ਨਾ ਕਰ ਸੁੱਟੇ ਸਰਦਾਰਾਂ ਦਾ ਇਹ ਮੁੰਡਾ। ਉਸ ਬੜਾ ਕਿਹਾ ਕਿ ਐਸੀ ਕੋਈ ਗੱਲ ਨਹੀਂ ਹੈ। ਉਸ ਕਿਹਾ "ਅਸੀਂ ਠਹਿਰੇ ਪਹਾੜੀ ਅਤੇ ਗ਼ਰੀਬ ਲੋਕ, ਸਾਡਾ ਇਨ੍ਹਾਂ ਨਾਲ ਕੀ ਮੇਲ? ਪਹਿਲੇ ਤੂੰ ਗਾਂਵ ਚੱਲ ਫਿਰ ਦੇਖਤੇ, ਤੁਮਾਰੀ ਔਰ ਭੀ ਦੋ ਛੋਟੀ ਭੈਣੇਂ ਹੈਂ, ਤੁਮ ਉਨਕੇ ਬਾਰੇ ਭੀ ਜ਼ਰਾ ਸੋਚ।" ਉਸ ਨੇ ਸੰਤੋਸ਼ ਦੀ ਹਰ ਦਲੀਲ ਠੁਕਰਾ ਦਿੱਤੀ ਅਤੇ ਕਿਸੇ ਦੀ ਇਕ ਨਾ ਸੁਣੀ। ਆਖਿਰ ਹਾਰ ਕੇ ਮੇਰੇ ਮੰਮਾ ਪਾਪਾ ਸੰਤੋਸ਼ ਨੂੰ ਤੋਰਨ ਲਈ ਰਾਜ਼ੀ ਹੋ ਗਏ। ਸੰਤੋਸ਼ ਦੀਆਂ ਭੁੱਬਾਂ ਨਿਕਲ ਆਈਆਂ ਅਤੇ ਮੇਰੀਆਂ ਅੱਖਾਂ 'ਚ ਵੀ ਅੱਥਰੂ ਨਹੀਂ ਸਨ ਰੁੱਕ ਰਹੇ। ਮੇਰੇ ਮੰਮਾ ਨੇ ਕਿਹਾ ਮੁੰਡੇ ਵੀ ਕਦੇ ਰੋਂਦੇ ਹਨ, ਹੈਂ ਪਾਗਲ ਮੁੰਡਾ। ਮੇਰੇ ਮੰਮਾ ਜਲਦੀ ਨਾਲ ਬਾਜ਼ਾਰ ਗਏ ਅਤੇ ਸੰਤੋਸ਼ ਵਾਸਤੇ 2 ਨਵੇਂ ਸੂਟ ਲੈ ਆਏ। ਇਕ ਨਵਾਂ ਕਮੀਜ਼ ਪਜਾਮਾ ਉਹ ਮਾਂਗੇ ਰਾਮ ਵਾਸਤੇ ਵੀ ਲੈ ਆਏ। 300 ਰੁਪੈ ਮੇਰੇ ਪਾਪਾ ਨੇ ਇਮਦਾਦ ਵੱਜੋਂ ਦਿੱਤੇ। ਮੇਰੇ ਮੰਮਾ ਨੇ ਕਿਹਾ ਇਨ੍ਹਾਂ ਦੋਨਾਂ ਨੂੰ ਪਠਾਨਕੋਟ ਦੀ ਬੱਸ ਦੀ ਟਿਕਟ ਵੀ ਲੈ ਦੇਣਾ। ਨਾਲ ਵਾਸਤੇ ਪਰਾਂਠੇ ਪੈਕ ਹੋ ਗਏ। ਦੁਪਹਿਰ ਦੀ ਰੋਟੀ ਬਾਅਦ ਕੋਈ ਸਾਢੇ ਤਿੰਨ ਕੁ ਵਜੇ ਉਨ੍ਹਾਂ ਚਾਹ ਪੀਤੀ ਅਤੇ ਮੇਰੇ ਮੰਮਾ ਪਾਪਾ ਤੇ ਮੈਂ ਉਨ੍ਹਾਂ ਨੂੰ ਬੱਸ ਸਟੈਂਡ ਛੱਡਣ ਚਲੇ ਗਏ। ਸੰਤੋਸ਼ ਨੇ ਮੌਕਾ ਦੇਖ 2 ਸਟੈਪ ਪਿੱਛੇ ਲਏ ਅਤੇ ਮੈਨੂੰ ਘੁੱਟ ਕੇ ਜੱਫੀ ਪਾ ਲਈ। ਮਸਤਕ ਚੁੰਮਿਆ ਤੇ ਹੱਥ ਚੁੰਮੇ। ਮੈਂ ਵੀ ਉਸ ਦੇ ਹੱਥ ਘੁੱਟ ਕੇ ਫੜ ਲਏ। ਸਾਡੇ ਦੋਹਾਂ ਦੀਆਂ ਅੱਖਾਂ ਵਿੱਚ ਅਥਰੂ ਝਨ੍ਹਾਂ ਦੇ ਪਾਣੀ ਦੀ ਤਰ੍ਹਾਂ ਵੱਗ ਰਹੇ ਸਨ। ਸਾਡੇ ਦੋਹਾਂ ਦੇ ਸਾਹਾਂ 'ਚ, ਸਾਡੇ ਦੋਹਾਂ ਦੇ ਅੰਗਾਂ ਵਿੱਚ ਇਕ ਦੂਸਰੇ ਦਾ ਮੋਹ ਪਿਉਂਦ ਹੋ ਗਿਆ ਸੀ। ਸਾਡਾ ਦਿਲ ਬਸ ਇਕ ਦੂਸਰੇ ਲਈ ਹੀ ਧੜਕ ਰਿਹਾ ਸੀ। ਉਸਦੇ ਪਿਤਾ ਨੇ ਜ਼ੋਰ ਨਾਲ ਉਸਨੂੰ ਆਪਣੇ ਵੱਲ ਖਿਚਿਆ ਅਤੇ ਬੱਸ 'ਚ ਸੀਟ 'ਤੇ ਆਪਣੇ ਨਾਲ ਬਿਠਾ ਲਿਆ।

ਹੌਲਾ ਹੌਲੀ ਬੱਸ ਚੱਲਣ ਲੱਗੀ। ਅਸੀਂ ਵੀ ਨਾਲ ਨਾਲ ਕੁੱਝ ਦੂਰ ਚਲਦੇ ਗਏ। ਮੈਂ ਦੂਰ ਤੱਕ ਜਦ ਤੱਕ ਉਹ ਦਿਸਦੀ ਰਹੀ ਬਾਏ-ਬਾਏ ਕਰਦਾ ਰਿਹਾ ਇੰਝ ਲੱਗਾ ਕਿ ਜਿਵੇਂ ਵਕਤ ਠਹਿਰ ਗਿਆ ਹੈ। ਦਿਲ ਦੀ ਧੜਕਣ ਰੁੱਕ ਗਈ ਹੈ। ਮੇਰਾ ਸਾਰਾ ਸੰਸਾਰ ਅਤੇ ਮੇਰੀ ਮੁਹੱਬਤ ਮੇਰੇ ਸਾਹਮਣੇ ਰੇਤੇ ਦੀ ਤਰ੍ਹਾਂ ਮੁੱਠੀ ਵਿੱਚੋਂ ਤੇਜ਼ੀ ਨਾਲ ਕਿਰਦੀ ਜਾ ਰਹੀ ਹੈ।

ਕੁੱਝ ਮਹੀਨਿਆਂ ਬਾਅਦ ਪਤਾ ਚਲਿਆ ਮਾਂਗੇ ਰਾਮ ਨੇ ਸੰਤੋਸ਼ ਦੀ ਜਬਰਦਸਤੀ ਸ਼ਾਦੀ ਦੂਰ ਕਿਸੇ ਪਿੰਡ 'ਚ ਕਰ ਦਿੱਤੀ ਸੀ ਅਤੇ ਆਪ ਵੀ ਕਿਸੇ ਬੀਮਾਰੀ ਨਾਲ ਚੱਲ ਵਸਿਆ ਸੀ। ਮੈਂ ਇਕ ਕਚੀਚੀ ਵੱਟ ਕੇ ਰਹਿ ਗਿਆ। ਮੈਨੂੰ ਉਸ ਦਿਨ ਆਪਣੇ ਪਿੰਡ ਦੇ ਲੋਕਾਂ ਦੀ ਸੱਚੇ ਇਸ਼ਕ ਨਾਲ ਕੀਤਾ ਠੱਠਾ ਮਜ਼ਾਕ ਅਤੇ ਸੱਸੀ ਪੁੰਨੂੰ, ਹੀਰ ਰਾਂਝਾ ਅਤੇ ਸੀਰੀ ਫਰਿਹਾਦ ਨਾਲ ਇਸ ਸਮਾਜ ਵੱਲੋਂ ਕੀਤੀ ਬੇਇਨਸਾਫ਼ੀ ਤਿੱਖੀਆਂ ਸੂਲਾਂ ਦੀ ਤਰ੍ਹਾਂ ਚੁੱਭ ਰਹੀ ਸੀ। ਕੀ ਦਿਲਾਂ ਦੇ ਰਿਸ਼ਤੇ ਲੋਕਾਂ ਦੇ ਦਿਮਾਗ ਦੀ ਸੌੜੀ ਸੋਚ ਦੇ ਇਸ ਤਰ੍ਹਾਂ ਹੀ ਸ਼ਿਕਾਰ ਹੁੰਦੇ ਰਹਿਣਗੇ - ਆਖਿਰ ਕੱਦ ਤੱਕ।

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# 12ਵੀਂ ਤੋਂ ਬਾਅਦ ਕੀ ਕਰੀਏ?


ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਸੀਨੀਅਰ ਮੀਤ ਪ੍ਰਧਾਨ
98144-74535




ਵਿੱਦਿਅਕ ਜੀਵਨ ਦੇ ਕਈ ਪੜਾਅ ਹਨ। ਸਕੂਲੀ ਵਿੱਦਿਆ ਪ੍ਰਾਇਮਰੀ, ਮਿਡਲ ਅਤੇ ਹਾਈ ਤਿੰਨ ਪੜਾਵਾਂ 'ਚ ਵੰਡੀ ਹੈ। ਮੈਟ੍ਰਿਕ ਤੋਂ ਬਾਅਦ ਇਕ ਪੜਾਅ ਆਉਂਦਾ ਹੈ ਜਦੋਂ ਵਿਦਿਆਰਥੀ ਆਪਣੇ ਭਵਿੱਖ ਪ੍ਰਤੀ ਚਿੰਤਤ ਨਜ਼ਰ ਆਉਂਦੇ ਹਨ ਕਿ ਉਹ ਕਿਹੜੇ ਵਿਸ਼ੇ ਚੁਣਨ? ਜਦੋਂ ਉਹ ਆਪਣੀਆਂ ਰੁਚੀਆਂ ਅਨੁਸਾਰ ਸਾਇੰਸ, ਆਰਟਸ ਜਾਂ ਕਾਮਰਸ ਵਿਸ਼ੇ ਲੈ ਕੇ 10+2 ਪਾਸ ਕਰ ਲੈਂਦੇ ਹਨ ਤਾਂ ਅਗਲਾ ਪੜਾਅ ਆਉਂਦਾ ਹੈ ਕਿ 10+2 ਤੋਂ ਬਾਅਦ ਕਿਹੜੇ ਵਿਸ਼ੇ ਲਏ ਜਾਣ। ਆਓ, ਕੁਝ ਖਾਸ ਖੇਤਰਾਂ ਬਾਰੇ ਵਿਚਾਰ ਕਰੀਏ ਜੋ 10+2 ਤੋਂ ਬਾਅਦ ਚੁਣੇ ਜਾ ਸਕਦੇ ਹਨ। ਜਿਹੜੇ ਵਿਦਿਆਰਥੀ ਤਾਂ 10+2 ਤੋਂ ਬਾਅਦ ਇੰਜੀਨੀਅਰਿੰਗ ਜਾਂ ਡਾਕਟਰੀ ਦੀ ਪੜ੍ਹਾਈ ਵਿਚ ਚੁਣੇ ਜਾਂਦੇ ਹਨ, ਉਨ੍ਹਾਂ ਦਾ ਤਾਂ ਨਿਸ਼ਾਨਾ ਸਪੱਸ਼ਟ ਹੋ ਜਾਂਦਾ ਹੈ ਪਰ ਜੋ ਵਿਦਿਆਰਥੀ ਇਨ੍ਹਾਂ ਸਬੰਧਤ ਟੈਸਟਾਂ ਵਿਚ ਆਪਣਾ ਆਦਰਸ਼ ਹਾਸਲ ਨਹੀਂ ਕਰ ਸਕਦੇ, ਉਨ੍ਹਾਂ ਲਈ ਬਹੁਤ ਸਾਰੇ ਹੋਰ ਖੇਤਰ ਹਨ।

ਬੇਸ਼ੱਕ ਅੱਜ ਭਾਵੇਂ ਵਿਦਿਆਰਥੀਆਂ ਅੰਦਰ ਹਿਊਮੈਨਟੀਜ਼ ਜਾਂ ਆਰਟਸ ਪ੍ਰਤੀ ਉਤਸੁਕਤਾ ਘਟ ਰਹੀ ਹੈ ਪਰ ਫਿਰ ਵੀ ਆਰਟਸ ਵਿਚ ਬੇਸ਼ੁਮਾਰ ਮੌਕੇ ਹਨ। ਆਨਰਜ਼ ਕਿਸੇ ਵੀ ਵਿਸ਼ੇ ਵਿਚ ਖਾਸ ਕਰਕੇ ਭਾਸ਼ਾਵਾਂ ਵਿਚ ਕਰਕੇ ਇਕ ਵਧੀਆ ਭਾਸ਼ਾ ਵਿਗਿਆਨੀ ਬਣ ਸਕਦੇ ਹੋ। ਭਾਸ਼ਾ ਦੇ ਅਧਿਆਪਨ ਵਿਚ ਮੁਹਾਰਤ ਹੋ ਸਕਦੀ ਹੈ। ਆਰਟਸ ਵਿਚ ਚੋਣਵੇਂ ਵਿਸ਼ੇ ਲੈ ਕੇ ਬੈਚੁਲਰ ਆਫ ਆਰਟਸ ਬੀ.ਏ. ਵੀ ਕਰ ਸਕਦੇ ਹੋ। ਹਰ ਕਾਲਜ ਵਿਚ ਬੀ.ਏ. ਵਿਚ ਲਏ ਜਾਣ ਵਾਲੇ ਵਿਸ਼ਿਆਂ ਦੇ ਕੰਬੀਨੇਸ਼ਨਜ਼ ਅਲੱਗ-ਅਲੱਗ ਹੋ ਸਕਦੇ ਹਨ।

ਆਰਟਸ ਵਿਚ ਲਏ ਗਏ ਚੋਣਵੇਂ ਵਿਸ਼ੇ ਮਨੋਵਿਗਿਆਨ, ਸਮਾਜ ਵਿਗਿਆਨ, ਇਤਿਹਾਸ, ਸੰਗੀਤ, ਰਾਜਨੀਤੀ ਸ਼ਾਸਤਰ, ਕੰਪਿਊਟਰ, ਗਣਿਤ, ਪੱਤਰਕਾਰੀ, ਹੋਮ ਸਾਇੰਸ, ਫਾਈਨ ਆਰਟ ਗਿਆਨ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕਿਆਂ ਵਿਚ ਸਹਾਇਕ ਹੋ ਸਕਦੇ ਹਨ। ਸਿਵਲ ਸਰਵਿਸਜ਼, ਕਾਲਜ ਅਧਿਆਪਕ ਅਤੇ ਸਕੂਲ ਅਧਿਆਪਨ ਵਿਚ ਵੀ ਉਪਰੋਕਤ ਵਿਸ਼ੇ ਸਹਾਇਕ ਹੋ ਸਕਦੇ ਹਨ।

10+2 ਮੈਡੀਕਲ, ਨਾਨ-ਮੈਡੀਕਲ ਕਰਨ ਉਪਰੰਤ ਬੀ. ਐੱਸ. ਸੀ. ਬਾਇਓ ਇਨਫਰਮੈਟਿਕਸ ਆ ਚੁੱਕੀ ਹੈ ਜੋ ਵਿਗਿਆਨ ਦੇ ਨਾਲ-ਨਾਲ ਕੰਪਿਊਟਰ ਦੀ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ। 10+2 ਮੈਡੀਕਲ ਅਤੇ ਨਾਨ-ਮੈਡੀਕਲ ਕਰਕੇ ਬੀ. ਐੱਸ. ਸੀ. ਨਾਨ-ਮੈਡੀਕਲ (ਕਮਿਸਟਰੀ, ਫਿਜ਼ਿਕਸ ਤੇ ਗਣਿਤ), ਬੀ. ਐੱਸ. ਸੀ. ਮੈਡੀਕਲ (ਕਮਿਸਟਰੀ, ਫਿਜ਼ਿਕਸ ਅਤੇ ਬਾਇਓਲੋਜੀ) ਕੀਤੀ ਜਾ ਸਕਦੀ ਹੈ।

ਜਨਰਲ ਨਰਸਿੰਗ (ਜੀ. ਐੱਨ. ਐੱਮ.) ਵੀ ਕੀਤੀ ਜਾ ਸਕਦੀ ਹੈ, ਜਿਸ ਵਿਚ ਰੁਜ਼ਗਾਰ ਦੇ ਬੇਸ਼ੁਮਾਰ ਮੌਕੇ ਹਨ। ਅੱਜਕਲ੍ਹ ਹੋਟਲ ਮੈਨੇਜਮੈਂਟ, ਟਰੈਵਲ ਟੂਰਿਜ਼ਮ, ਬੀ. ਐੱਸ. ਸੀ. ਬਾਇਓ ਟੈਕਨਾਲੋਜੀ, ਬੀ. ਐੱਸ. ਸੀ. ਕੰਪਿਊਟਰ ਸਾਇੰਸ, ਬੀ. ਐੱਸ. ਸੀ. ਆਈ. ਟੀ., ਜਿਊਲਰੀ ਡਿਜ਼ਾਈਨ, ਫਿਲਮ ਮੇਕਿੰਗ, ਇਨਵਾਇਰਮੈਂਟ ਸਟੱਡੀ, ਏਅਰ ਹੋਸਟਸ, ਬੀ. ਐੱਸ. ਸੀ. ਐਗਰੀਕਲਚਰ, ਬੀ. ਐੱਸ. ਸੀ. ਡੇਅਰੀ ਟੈਕਨਾਲੋਜੀ, ਲੈਬ ਟੈਕਨਾਲੋਜੀ, ਬੀ. ਐੱਸ. ਸੀ. ਫੈਸ਼ਨ ਟੈਕਨਾਲੋਜੀ ਆਦਿ ਬਹੁਤ ਨਵੇਂ ਖੇਤਰ ਹਨ, ਜਿਨ੍ਹਾਂ ਵਿਚ ਡਿਗਰੀ ਹਾਸਲ ਕੀਤੀ ਜਾ ਸਕਦੀ ਹੈ। 10+2 ਕਾਮਰਸ ਕਰਕੇ ਵਪਾਰਕ ਰੁਚੀਆਂ ਰੱਖਣ ਵਾਲੇ ਅਤੇ ਬੈਂਕਾਂ ਵਿਚ ਨੌਕਰੀ ਕਰਨ ਦੇ ਚਾਹਵਾਨ ਵਿਦਿਆਰਥੀ ਬੀ. ਕਾਮ. (ਰੈਗੂਲਰ), ਬੀ. ਬੀ. ਐੱਮ. (ਬੈਚਲਰ ਇਨ ਬਿਜ਼ਨੈੱਸ ਮੈਨੇਜਮੈਂਟ), ਬੀ. ਕਾਮ. (ਬੈਂਕਿੰਗ ਅਤੇ ਇੰਸ਼ੋਰੈਂਸ) ਕਰ ਸਕਦੇ ਹਨ। ਇਸ ਤੋਂ ਇਲਾਵਾ ਬੀ. ਬੀ. ਏ. ਅਤੇ ਐੱਮ. ਬੀ. ਏ. ਵੀ ਚੰਗਾ ਬਦਲ ਹਨ। ਐੱਮ. ਬੀ. ਏ. ਲਗਪਗ ਸਾਰੀਆਂ ਯੂਨੀਵਰਸਿਟੀਆਂ ਵਿਚ 10+2 ਤੋਂ ਬਾਅਦ ਇੰਟਗ੍ਰੇਟਿਡ ਕੋਰਸ ਦੇ ਤੌਰ 'ਤੇ ਵੀ ਕੀਤੀ ਜਾ ਸਕਦੀ ਹੈ¢ ਬੀ. ਐੱਸ. ਸੀ. ਇਕਨਾਮਿਕਸ, ਬੀ. ਐੱਫ. ਏ. ਆਦਿ ਵੀ ਕੀਤੇ ਜਾ ਸਕਦੇ ਹਨ। ਇਸ ਪ੍ਰਕਾਰ 10+2 ਵਿਚ ਘੱਟੋ-ਘੱਟ 50 ਤੋਂ 55 ਫੀਸਦੀ ਅੰਕਾਂ ਵਾਲੇ ਵਿਦਿਆਰਥੀ ਉਪਰੋਕਤ ਡਿਗਰੀਆਂ ਲਈ ਯੋਗ ਹਨ। ਇਸ ਪ੍ਰਕਾਰ ਵਿਦਿਆਰਥੀਆਂ ਲਈ ਅੱਜਕਲ੍ਹ ਬੇਸ਼ੁਮਾਰ ਮੌਕੇ ਹਨ। ਪੱਤਰਕਾਰੀ, ਮੀਡੀਆ ਦੇ ਖੇਤਰ ਵਿਚ ਵੀ ਕਈ ਡਿਗਰੀਆਂ ਕਰਨ ਦੇ ਮੌਕੇ ਹਨ, ਜਿਨ੍ਹਾਂ ਨਾਲ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਮਿਲ ਸਕਦੇ ਹਨ। ਟੀ. ਵੀ. ਚੈਨਲਾਂ ਦੇ ਤਕਨੀਸ਼ੀਅਨ ਅਤੇ ਹੋਰ ਕਈ ਪ੍ਰੋਗਰਾਮਾਂ ਦੇ ਮਾਹਿਰ ਬਣਨ ਲਈ ਵੀ ਬਹੁਤ ਸਾਰੇ ਵਿਸ਼ੇ ਹਨ, ਜੋ ਆਪਣੀਆਂ ਰੁਚੀਆਂ ਅਨੁਸਾਰ ਚੁਣੇ ਜਾ ਸਕਦੇ ਹਨ। ਇਥੇ ਇਹ ਦੱਸਣਾ ਚਾਹਾਂਗਾ ਕਿ 10+2 ਮੈਡੀਕਲ, ਨਾਨ-ਮੈਡੀਕਲ ਕਰਕੇ ਵਿਦਿਆਰਥੀ ਕਿਸੇ ਵੀ ਖੇਤਰ ਵਿਚ ਬੀ. ਐੱਸ. ਸੀ. ਜਾਂ ਬੀ. ਏ. ਕਰ ਸਕਦੇ ਹਨ। ਬਹੁਤ ਸਾਰੇ ਤਿੰਨ ਸਾਲਾ ਕੋਰਸ ਹਨ, ਜੋ ਬਹੁਤਕਨੀਕੀ ਕਾਲਜਾਂ 'ਚ ਉਪਲਬਧ ਹਨ। ਬੱਚਿਆਂ ਦੇ ਸਲਾਹਕਾਰ ਬਣਿਆ ਜਾ ਸਕਦਾ ਹੈ ਪਰ ਉਨ੍ਹਾਂ ਦੀਆਂ ਰੁਚੀਆਂ ਅਨੁਸਾਰ ਹੀ ਉਨ੍ਹਾਂ ਦੇ ਭਵਿੱਖ ਦਾ ਨਿਰਮਾਣ ਕਰਨ ਵਿਚ ਸਹਾਇਤਾ ਕਰੋ।

# ਸ਼ੋਕ ਸਮਾਚਾਰ



ਸ. ਸੁਰਜੀਤ ਸਿੰਘ ਸਪੁੱਤਰ ਸ. ਸਰਦਾਰ ਸਿੰਘ ਦਾ ਜਨਮ 1938 ਈ. ਵਿਚ ਮੁਲਤਾਨ (ਪਾਕਿਸਤਾਨ) 'ਚ ਹੋਇਆ। ਆਪ ਆਪਣੀ ਨੇਕਨਾਮੀ ਤੇ ਜ਼ਿੰਦਾਦਿਲੀ ਲਈ ਇਲਾਕੇ ਵਿਚ ਮਕਬੂਲ ਸਨ। ਆਪ ਸ. ਰਘਬੀਰ ਸਿੰਘ ਸੁਭਾਨਪੁਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਿਊਯਾਰਕ ਦੇ ਸਹੁਰਾ ਸਾਹਿਬ ਸਨ। ਸ. ਸੁਰਜੀਤ ਸਿੰਘ 80 ਸਾਲ ਦਾ ਸਫਲ ਜੀਵਨ ਭੋਗ ਕੇ 19 ਫਰਵਰੀ 2018 ਨੂੰ ਇਸ ਦੁਨੀਆਂ ਤੋਂ ਕੂਚ ਕਰ ਗਏ। ਆਪ ਆਪਣੇ ਪਿੱਛੇ ਦੋ ਬੇਟੇ ਸ. ਤਰਸੇਮ ਸਿੰਘ ਮੁਲਤਾਨੀ, ਭਿੰਦਾ ਮੁਲਤਾਨੀ ਅਤੇ ਚਾਰ ਬੇਟੀਆਂ ਗੁਰਮੀਤ ਕੌਰ, ਸੁਖਮੀਤ ਕੌਰ, ਸਤਬੀਰ ਕੌਰ ਅਤੇ ਅਕਵਿੰਦਰ ਕੌਰ ਛੱਡ ਗਏ ਹਨ। ਆਪ ਜੀ ਨਮਿੱਤ, ਰੂਹ ਦੀ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਸ਼ਰਧਾਂਜਲੀ ਸਮਾਗਮ ਮਿਤੀ 28-02-2018 ਨੂੰ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਹੋਇਆ। ਜਿਸ ਵਿਚ ਭਾਈ ਬਲਵਿੰਦਰ ਸਿੰਘ ਰੰਗੀਲਾ ਅਤੇ ਕਥਾਵਾਚਕ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਨੇ ਵੈਰਾਗਮਈ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਸਾਬਕਾ ਮੰਤਰੀ ਸ. ਬਲਬੀਰ ਸਿੰਘ ਜੀ ਮਿਆਣੀ, ਲਖਵਿੰਦਰ ਸਿੰਘ ਲੱਖੀ ਚੇਅਰਮੈਨ ਆਰ.ਟੀ.ਆਈ. ਪੰਜਾਬ ਸੇਵਾ ਅਧਿਕਾਰ ਕਮਿਸ਼ਨ, ਮਨਜੀਤ ਸਿੰਘ ਦਸੂਹਾ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂ.ਐਸ.ਏ., ਰਘਬੀਰ ਸਿੰਘ ਸੁਭਾਨਪੁਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਿਊਯਾਰਕ, ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ ਐਨ.ਆਰ.ਆਈ. ਸਭਾ ਪੰਜਾਬ ਅਤੇ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਪ੍ਰੀਤਮ ਸਿੰਘ ਗਿਲਜੀਆਂ ਯੂ.ਐਸ.ਏ., ਬਲਦੇਵ ਸਿੰਘ ਗਿਲਜੀਆਂ ਯੂ.ਐਸ.ਏ., ਕੁਲਵਿੰਦਰ ਸਿੰਘ ਥਿਆੜਾ ਐਸ.ਐਸ.ਪੀ., ਰਜਿੰਦਰ ਸਿੰਘ ਮਾਰਸ਼ਲ ਚੇਅਰਮੈਨ ਮਾਰਸ਼ਲ ਗਰੁੱਪ ਆਫ਼ ਸਕੂਲਜ਼, ਪ੍ਰਿੰ. ਜੋਗਿੰਦਰ ਸਿੰਘ ਅਜੈਬ, ਜਗਜੀਤ ਸਿੰਘ, ਇੰਜੀਨੀਅਰ ਪਰਮਿੰਦਰਜੀਤ ਸਿੰਘ, ਡੀ.ਐਸ.ਪੀ. ਮਹਿੰਦਰ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਕੌਂਸਲਰ ਜਸਵਿੰਦਰ ਸਿੰਘ ਬਿੱਲਾ, ਪ੍ਰਿੰਸੀਪਲ ਟਹਿਲ ਸਿੰਘ, ਲਖਵਿੰਦਰ ਸਿੰਘ ਬੱਗਾ ਯੂ.ਐਸ.ਏ., ਡੀ.ਐਸ.ਪੀ. ਗੱਜਣ ਸਿੰਘ, ਨਿਸ਼ਾਨ ਸਿੰਘ ਲਾਲ ਸਿੰਘ, ਸਤਵੰਤ ਸਿੰਘ, ਪ੍ਰਿੰ. ਪਰਮਜੀਤ ਸਿੰਘ, ਅਜੀਤ ਸਿੰਘ ਬੈਂਸ ਅਵਾਨ, ਅਵਤਾਰ ਸਿੰਘ






ਖਾਲਸਾ, ਬਲਕਾਰ ਸਿੰਘ, ਜਤਿੰਦਰ ਸ਼ਰਮਾ ਅਤੇ ਪ੍ਰਧਾਨ ਸਵਰਨ ਸਿੰਘ ਸ਼ਾਮਲ ਹੋਏ।

**ਜੋਗਿੰਦਰ ਸਿੰਘ ਅਜੈਬ**
**ਆਊਟਲਾਇਨ ਐਡੀਟਰ**
**ਲੁਬਾਣਾ ਸੇਵਕ**



# ਕਾਵਿ-ਕਿਆਰੀ



## (1) ਲਫ਼ਜ਼ਾਂ ਦੀ ਲੋਏ-ਲੋਏ (2) ਸ਼ਬਦਾਂ ਦੇ ਸੰਜੋਗ

**ਹਰਬਖਸ਼ ਸਿੰਘ ਟਾਹਲੀ, ਯੂ.ਐਸ.ਏ.**



### (1) ਵਕਤ

ਵਕਤ ਦੀ ਛਾਂ ਦੇ ਥੱਲੇ
ਜਿੰਦ ਇਹ ਨਿਮਾਣੀ ਚੱਲੇ
ਕਈਆਂ ਨੂੰ ਸਭ ਕੁਝ ਮਿਲਿਆ
ਕਈਆਂ ਦੇ ਕੁਝ ਨਹੀਂ ਪੱਲੇ।

ਵਕਤ ਦੀ ਖੇਡ ਨਿਆਰੀ
ਕਈਆਂ ਲਈ ਬੜੀ ਪਿਆਰੀ
ਕਈਆਂ ਦੇ ਦਿਲ ਇਹ ਤੋੜੇ
ਕਈਆਂ ਦੀ ਕਰੇ ਖਵਾਰੀ
ਕਈਆਂ ਲਈ ਚੰਗੀਆਂ ਖ਼ਬਰਾਂ
ਕਈ ਨੂੰ ਗ਼ਮ ਹੀ ਘੱਲੇ
ਵਕਤ ਦੀ ਛਾਂ ਦੇ ਥੱਲੇ
ਜਿੰਦ ਇਹ ਨਿਮਾਣੀ ਚੱਲੇ।


ਏਥੇ ਕਈ ਇਸ਼ਕ ਨੇ ਕਰਦੇ
ਪਿਆਰ ਨਾਲ ਝੋਲੀਆਂ ਭਰਦੇ
ਏਥੇ ਕਈ ਰੂਪ ਹੰਢੋਂਦੇ
ਯਾਰ ਦੀ ਗੋਦ 'ਚ ਮਰਦੇ
ਕਈਆਂ ਦੇ ਹਾਸੇ ਲੁੱਟ ਗਏ
ਹੋ ਗਏ ਨੇ ਕੱਲੇ ਕੱਲੇ।
ਵਕਤ ਦੀ ਛਾਂ ਦੇ ਥੱਲੇ।
ਜਿੰਦ ਇਹ ਨਿਮਾਣੀ ਚੱਲੇ।

'ਟਾਹਲੀ ਵਾਲੇ' ਦਾ ਕਹਿਣਾ
ਵਕਤ ਦੀ ਰਜ਼ਾ 'ਚ ਰਹਿਣਾ
ਇਹ ਰੱਬ ਦਾ ਹੁਕਮ ਅਨੋਖਾ
ਇਨੂੰ ਤੇ ਮੰਨਣਾ ਪੈਣਾ
ਇਨੂੰ ਜੋ ਜਾਣ ਜਾਏਗਾ
ਓਹਦੀ ਫਿਰ ਬੱਲੇ ਬੱਲੇ
ਵਕਤ ਦੀ ਛਾਂ ਦੇ ਥੱਲੇ
ਜਿੰਦ ਇਹ ਨਿਮਾਣੀ ਚੱਲੇ
ਕਈਆਂ ਨੂੰ ਸਭ ਕੁਝ ਮਿਲਿਆ
ਕਈਆਂ ਦੇ ਕੁਝ ਨਹੀਂ ਪੱਲੇ।

### (2) ਗਿਆਨ

ਬਚਪਨ ਵਿਚ ਮਿਲੇ ਗਿਆਨ
ਦਾ ਰੰਗ ਹੋਰ ਹੁੰਦਾ ਹੈ
ਅਤੇ ਹੋਰ ਹੁੰਦਾ ਹੈ ਰੰਗ
ਜਵਾਨੀ ਵਿਚ ਮਿਲੇ ਗਿਆਨ ਦਾ
ਬੁਢਾਪੇ ਵਿਚ ਮਿਲੇ ਗਿਆਨ
ਦਾ ਰੰਗ ਬਿਲਕੁਲ ਨਹੀਂ ਹੁੰਦਾ
ਤੇ ਉਹ ਸਿਰਫ਼ ਗਿਆਨ ਹੁੰਦਾ ਹੈ।
ਬਚਪਨ ਦੇ ਗਿਆਨ ਵਿਚ ਪ੍ਰਬਲ ਹੁੰਦੀ ਹੈ ਇੱਛਾ
ਅੰਮ੍ਰਿਤ ਨੂੰ ਪੀਣ ਦੀ
ਜਵਾਨੀ ਦਾ ਗਿਆਨ ਪੈਦਾ ਕਰਦਾ ਹੈ ਤੜਪ
ਵਸਲ ਹੰਢਾਉਣ ਦੀ
ਤੇ ਬੁਢਾਪੇ ਦੇ ਗਿਆਨ ਵਿਚ
ਪ੍ਰਗਟਦੀ ਹੈ ਸਹਿਜਤਾ
ਉਹ ਧਰਤੀ ਵੱਲੋਂ ਮੁੱਖ ਮੋੜਦਾ ਹੈ
ਅਤੇ ਜਾ ਬੈਠਦਾ ਹੈ ਸਮੁੰਦਰ ਦੇ ਕਿਨਾਰੇ
ਜਿੱਥੋਂ ਉਸ ਨੂੰ ਹੁੰਦੀ ਨਹੀਂ ਕਾਹਲੀ
ਸਮੁੰਦਰ ਵਿਚ ਛਲਾਂਗ ਮਾਰਨ ਦੀ
ਤੇ ਨਾ ਹੀ ਰਹਿੰਦੀ ਹੈ ਕੋਈ ਇੱਛਾ
ਮੁੜ ਧਰਤੀ ਵਲ ਪਲਟ ਕੇ ਦੇਖਣ ਦੀ
ਉਦੋਂ ਉਹ ਫੁੱਲ ਨਹੀਂ ਹੁੰਦਾ
ਤੇ ਨਾ ਹੀ ਹੁੰਦਾ ਹੈ ਕੰਡਾ
ਉਦੋਂ ਉਹ ਭਾਵਕ ਵੀ ਨਹੀਂ ਹੁੰਦਾ
ਸਥਿਰ ਹੁੰਦਾ ਹੈ
ਤੇ ਉਹ ਯਾਦ ਵੀ ਨਹੀਂ ਕਰਦਾ
ਆਪਣੇ ਗੁਜ਼ਾਰੇ ਹੋਏ ਪਲਾਂ ਨੂੰ
ਤੇ ਉਹ ਸਮਝਦਾ ਹੈ ਆਪਣੇ ਆਪ ਨੂੰ
ਉਹ ਪੱਥਰ, ਜੋ ਜੁੱਗਾਂ ਤੋਂ
ਸਮਾਧੀ ਦੀ ਓੜ ਲਾਈ ਪਿਆ ਹੋਵੇ
ਬੁੱਢਾ ਹੋਇਆ ਗਿਆਨ ਨਹੀਂ ਹੁੰਦੀ ਦਾਸਤਾਂ
ਮੌਤ ਅਤੇ ਜੀਵਨ ਦੇ ਸਫਰ ਦੀ
ਬੁੱਢਾ ਹੋਇਆ ਗਿਆਨ ਸਫ਼ਰ ਹੈ
ਜੋ ਅੰਤ ਤੋਂ ਸ਼ੁਰੂ ਹੁੰਦਾ ਹੈ
ਤੇ ਸ਼ੁਰੂ ਵੱਲ ਨੂੰ ਤੁਰ ਪੈਂਦਾ ਹੈ।

*****



## ਐ ਮੇਰੇ

ਐ ਮੇਰੇ ਵਾਹਿਗੁਰੂ ! ਅੱਲਾ ਤੇ ਸ਼ਿਵ ਜੀ !

ਆਪਣੇ ਕਰਤਾਰੀ ਕਿਰਦਾਰ ਤੋਂ, ਸਰਬੰਗੀ ਵਿਵਹਾਰ ਤੋਂ
ਹੁਣ ਇਸ ਤਰ੍ਹਾਂ ਮੁਨਕਰ ਨਾ ਹੋ।

ਆਪਣੀ ਪਿਆਰੀ ਸਿਰਜੀ ਸਾਰੀ ਲੁਕਾਈ ਵਿਚ
ਸੰਕੀਰਤਤਾ ਸੰਗ ਪੰਨਪ ਤੇ ਉਦਵੇਲਿਤ ਹੋ ਰਹੇ
ਨਫ਼ਰਤਾਂ ਤੇ ਸ਼ੰਕਿਆਂ ਦੇ ਪਾੜ ਨੂੰ, ਬੇਸਬੱਬ ਪਰਿਹਾਰ ਨੂੰ।
ਸਾਮ ਦਾਮ ਦੰਡ ਭੇਦ ਦੇ, ਚਾਣਕਿਆਈ ਲੰਗਾਰ ਨੂੰ।
ਮੈਂ ਨਾ ਮਾਨੂੰ ਹਠਧਰਮੀ ਦੁਰਯੋਧਨੀ ਵੰਗਾਰ ਨੂੰ।
ਜੇ ਮੂਲੋਂ ਮੁਕਾ ਸਕਦਾ ਨਹੀਂ ਜਾਂ ਘਟਾ ਸਕਦਾ ਨਹੀਂ
ਤਾਂ ਘੋਰ ਵਿੱਥਾਂ ਪਾਉਣ ਹਿੱਤ, ਸੁੱਤੀਆਂ ਕਲਾਂ ਜਗਾਉਣ ਹਿੱਤ
ਮੁਖ਼ਬਰ ਨਾ ਹੋ, ਨਾ ਧਿਰ ਬਣ ਖਲੋਅ।

ਮਜ਼ਬੀ ਤੇ ਆਂਚਲਿਕ ਕਾਂਗੀਂ ਗ੍ਰੱਸਤ
ਘਿਰੀ ਹੋਈ ਮਖਲੂਕਾਤ ਆਦਮ-ਜਾਤ ਨੂੰ।
ਬਿਠਾਉਣਾ ਦਿਲ-ਕਿਸ਼ਤੀ ਵਿਚ ਤਰੁੱਠ ਕੇ
ਪਾਰ ਕੰਢੇ ਲਾਉਣ ਲਈ, ਬਚਾਉਣ ਲਈ।
ਪਰ ਜਦ ਮਨ 'ਚ ਆਈ ਮਨਚਲੀ, ਮਚੀ ਖਲਬਲੀ।
ਬਸ ਫੇਰ ਕੀ ਤੇ ਦੇਰ ਕੀ।
ਅਜੀਬੋ-ਗਰੀਬ ਕੁਝ ਆਹੁੜਨਾ, ਬਦਨਸੀਬੀ ਬਹੁੜਨਾ
ਸਪਰਿੰਟ ਲਾਅ, ਤਾਰਨ ਦੀ ਥਾਂ ਡੋਬਣ ਲਈ ਉਠ ਦੌੜਨਾ।

ਪਰ ਕੀ ਭਲਾ ਕਦੀ ਵਾੜ ਵੀ, ਸਰਵਾੜ੍ਹ ਵੀ?
ਆਪਣੇ ਹੀ ਖੇਤ ਨੂੰ ਖਾਂਦੀ ਹੈ ਵੇਖੀ ਇਸ ਤਰ੍ਹਾਂ?
ਐ ਮੇਰੇ ਵਾਹਿਗੁਰੂ ਅੱਲ੍ਹਾ ਤੇ ਸ਼ਿਵਜੀ
ਕਰਨਾ ਤੂੰ ਵੀ ਲੋਚਦੈਂ ਹੁਣ ਜਿਸ ਤਰ੍ਹਾਂ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ, ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ, ਮੋ. 98153-03206**

***

## ਸੋਹਣਾ ਪੰਜਾਬ

ਇਹ ਲੋਕ ਦੇਸ਼ ਪੰਜਾਬ ਦੇ ਇਹ ਹਿਮਤੀ ਬੰਦੇ
ਸਭਨਾਂ ਨੂੰ ਸਮਝਣ ਇੱਕ ਜਿਹਾ, ਚੰਗੇ ਨਾ ਮੰਦੇ
ਅਨਦਾਤਾ ਹੋ ਕੇ ਹਿੰਦ ਦਾ ਇਹ ਅਨਾਜ ਉਗਾਵਣ
ਜੋ ਹਿਰਦੇ ਵਿੱਚ ਧਿਆਇੰਦੇ ਉਹੀ ਫਲ ਪਾਵਣ
ਮਜ਼ਹਬ ਦਾ ਮਕਸਦ ਸਮਝਦੇ, ਕਿ ਪਿਆਰ ਸਿਖਾਵੇ
ਨਾਨਕ ਗੁਰੂ ਪੰਜਾਬੀਆਂ ਨੂੰ ਰਾਹ ਦਿਖਲਾਵੇ
ਕਿਰਤ ਕਰੋ ਇਸ ਜੱਗ ਵਿੱਚ ਤੇ ਵੰਡ ਕੇ ਛਕੋ
ਸਭਨਾਂ ਦਾ ਮਾਲਕ ਇੱਕ ਹੈ, ਉਹਦਾ ਨਾਮ ਜਪੋ
ਧਰਤੀ ਵੀ ਸਾਡੀ ਇੱਕ ਹੈ, ਸਾਂਝਾ ਜਗ ਸਾਰਾ
ਲੋਕਾਂ ਦੀ ਸੇਵਾ ਜੋ ਕਰੇ ਉਹ ਸਭ ਤੋਂ ਪਿਆਰਾ
ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂ ਵੀਰ ਪੰਜਾਬੀ
ਕੁਰਬਾਨੀ ਉਹਦੀ ਦੇਖ ਕੇ ਸਾਡੀ ਵੀਰਤਾ ਜਾਗੀ
ਛੋਟੇ ਸਾਹਿਬਜ਼ਾਦੇ ਇਸ ਥਾਂ ਨੀਹੀਂ ਚਿਣਵਾਏ
ਇਨਸਾਨੀ ਹੱਕ ਦੇ ਲਈ ਯੁੱਧ ਸੀਸ ਕਟਾਏ
'ਸੰਤ ਸਿਪਾਹੀ' ਬਣ ਗਈ ਮਜ਼ਲੂਮੀ ਟੋਲੀ
ਗੁਰਮੁਖੀ ਬਣੀ ਪੰਜਾਬ ਵਿਚ ਗੁਰੂਆਂ ਦੀ ਬੋਲੀ
ਕਲਚਰ ਪੰਜਾਬੀ ਕੌਮ ਦਾ ਇਹਦਾ ਮਾਣ ਵਧਾਈਏ
ਵੈਰ, ਵਿਰੋਧ, ਅਗਿਆਨਤਾ ਸਭ ਦੂਰ ਹਟਾਈਏ
ਪੰਜਾਬੀ ਕਲਚਰ ਏਕਤਾ ਦਾ ਮੂਲ ਹੈ ਸਾਰਾ
ਸਾਰੇ ਪੰਜਾਬੀ ਇੱਕ ਨੇ ਇਹ ਗੱਜੇ ਨਾਹਰਾ !!!



**ਸਰਦਾਰਨੀ ਹਰਪ੍ਰੀਤ ਕੌਰ ਪੇਲੀਆ**
**ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ**

***

## ਨਜ਼ਮ/ਸਨੋਅ ਫਾਲ ਅਤੇ ਚਿੜੀਆਂ



**ਸੁਰਿੰਦਰ ਮਕਸੂਦਪੁਰੀ**

ਸਰਦੀ ਵਿਚ ਸੜਦੇ ਜੰਗਲ ਦੀ ਜੂਹੇ
ਉਸ ਠੰਡੇ ਮੁਲਕ ਦੇ ਸੰਦਲੀ ਬੂਹੇ
ਓਢ ਸਨੋਅ ਫਾਲ ਦੀ ਚਾਦਰ ਚਿੱਟੀ
ਕੁਦਰਤ ਰਾਣੀ ਦਸਤਕ ਦਿੱਤੀ
ਅੰਬਰੋਂ ਡਿੱਗੇ ਜਿਉਂ ਰੂੰ ਦੇ ਗੋਹੜੇ
ਮਨੁੱਖ ਮਾਤਰ ਸਭ ਅੰਦਰੀਂ ਹੋੜੇ।

ਬਰਫ਼ਬਾਰੀ ਦੀ ਠਰਦੀ ਰੁੱਤੇ
ਬਰਫ਼ ਦੀ ਜੰਮੀ ਚਾਦਰ ਉੱਤੇ
ਅਠਖੇਲੀਆਂ ਕਰਦੀਆਂ ਚਿੜੀਆਂ ਚਹਿਕਣ
ਤੇਜ਼ ਬਰਫ਼ੀਲੀ ਬਾਰਸ਼ ਵਿਚ ਇਹ
ਚਿੱਟੀਆਂ ਕਲੀਆਂ ਬਣ ਕੇ ਮਹਿਕਣ
ਮੇਰੇ ਵਤਨ ਤੋਂ ਰੁੱਸ ਕੇ ਆਈਆਂ
ਮੈਨੂੰ ਕੰਜਕਾਂ/ਕੂੰਜਾਂ/ਚਿੜੀਆਂ ਜਾਪਣ।

ਖ਼ੌਰੇ ਪ੍ਰਦੂਸ਼ਣ ਦੇ ਪ੍ਰਕੋਪ ਤੋਂ ਡਰਦੀਆਂ
ਵਿਹੁਲਾ ਪਾਣੀ ਪੀ-ਪੀ ਮਰਦੀਆਂ
ਚਿੜੀਆਂ ਨੇ ਪਰਵਾਸ ਧਾਰਿਆ
ਲੱਗ ਪਈ ਵਾੜ ਖੇਤ ਨੂੰ ਖਾਵਣ
ਮਾਲੀ ਨੇ ਹੀ ਚਮਨ ਉਜਾੜਿਆ।

ਪ੍ਰਦੂਸ਼ਿਤ ਪੌਣਾਂ ਸਾਹ ਸੂਤਿਆ
ਤੜਪਣ ਚਿੜੀਆਂ ਹਉਕੇ ਭਰਦੀਆਂ
ਜੀਵ-ਜੰਤੂ ਸਭ ਰਹਿਣ ਸਲਾਮਤ
ਇਹ ਮੌਸਮ ਖੁਸ਼ਗਵਾਰ ਮੰਗਦੀਆਂ
ਰੱਬ ਦੇ ਬੰਦਿਆਂ ਕੋਲੋਂ 'ਮਕਸੂਦਪੁਰੀ'
ਇਹ ਹੱਕ-ਹਕੂਕ ਇਨਸਾਫ ਮੰਗਦੀਆਂ।

**234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ, ਮੋ. 99887-10234**

## ਕੋੜਾ ਸੱਚ



ਪੰਜਾਬ ਨੂੰ ਪੱਟਿਆ ਲੱਚਰ ਗੀਤਾਂ
ਇਨਸਾਨੀਅਤ ਦੀਆਂ ਭੁੱਲੇ ਸਭ ਗੀਤਾਂ
ਲਿਖਣ ਵਾਲਿਆਂ ਸ਼ਰਮ ਹੈ ਲਾਹੀ
ਗਾਉਣ ਵਾਲਿਆਂ ਅੱਤ ਮਚਾਈ।

ਲਾਹ ਕਿ ਪੱਗਾਂ ਵਾਲ ਕਟਾਏ
ਤਰ੍ਹਾਂ ਤਰ੍ਹਾਂ ਦੇ ਡਿਜਾਇਨ ਬਣਾਏ
ਕੰਨੀ ਮੁੰਦਰਾਂ ਪਾ ਕਿ ਨੱਚਦੇ
ਪੀ ਸ਼ਰਾਬ ਸਟੇਜਾਂ ਤੇ ਟੱਪਦੇ।

ਕੁੜੀਆਂ ਨੇ ਵੀ ਕਸਰ ਨਾ ਛੱਡੀ
ਲਾਹ ਕਿ ਚੁੰਨੀ ਮਾਰਨ ਅੱਡੀ
ਚੜ੍ਹ ਸਟੇਜ ਗੀਤ ਜਦ ਗਾਵਣ
ਇੱਜ਼ਤਾਂ ਵਾਲੇ ਨੀਵੀਆਂ ਪਾਵਣ।

ਪੰਜਾਬ ਨੂੰ ਦੱਸਦੇ ਗੀਤਾਂ ਵਿਚ ਇਦਾਂ
ਦਸ ਨੰਬਰੀਏ ਰਹਿੰਦੇ ਨੇ ਜਿੱਦਾਂ
ਫੜ੍ਹ ਫੜ੍ਹ ਗੰਨਾ ਫਾਇਰ ਚਲਾਉਂਦੇ
ਧੀਆਂ ਭੈਣਾਂ ਉਤੇ ਗੀਤ ਹਨ ਗਾਉਂਦੇ।

ਕਬਜਾ ਲੈਣਾ ਜਾ ਜੱਟ ਦੀ ਮੰਗ
ਸੋਹਿਲੇ ਗਾਉਂਦਿਆਂ ਆਉਂਦੀ ਨਾ ਸੰਗ
ਕਿਹੜੇ ਜੱਟਾਂ ਦੀ ਗੱਲ ਹੋ ਕਰਦੇ
ਫਾਹਾ ਲੈ ਲੈ ਰੋਜ਼ ਨੇ ਮਰਦੇ।

ਬਸ ਕਰੋ ਹੋਰ ਨਾ ਫੂਕ ਛਕਾਉ
ਰੱਬ ਦਾ ਵਾਸਤਾ ਚੁੱਪ ਕਰ ਜਾਓ
ਹੋਰ ਨਾ ਤੁਸੀਂ ਵੰਡੀਆਂ ਪਾਓ।
ਸਰਦਾਰ ਹਾਂ ਸਰਦਾਰਾਂ ਦੀ ਗਾਥਾ ਸਣਾਓ।

ਕਹਾਣੀਆਂ ਸੂਰਬੀਰਾਂ ਦੀਆਂ ਭੁਲੇ
ਵਿਚ ਮੈਦਾਨਾ ਖੂਨ ਜੋ ਡੁੱਲੇ
ਨਾਮ ਗੁਰਾਂ ਤੇ ਵੱਸਦਾ ਪੰਜਾਬ
ਕੌਮ ਸ਼ੇਰਾਂ ਦੀ ਜੋ ਰਹੇ ਆਜ਼ਾਦ।

ਭਗਤ ਸਿੰਘ ਊਧਮ ਸਿੰਘ ਨੂੰ ਗਾਓ
ਸੁੱਖਦੇਵ ਰਾਜ ਗੁਰੂ ਦੇ ਕਿੱਸੇ ਸੁਨਾਓ
ਸੱਚ ਗਾਉਣ ਦਾ ਰਸਤਾ ਅਪਨਾਓ
ਰੋਲ ਮਾਡਲ ਜਾਵਾਨਾਂ ਦੇ ਬਣ ਜਾਓ।

ਦੇਸ਼ ਦੇ ਵਿਚ ਪੰਜਾਬ ਦੀ ਸ਼ਾਨ
ਸਿਰ ਦਸਤਾਰ ਸਿੱਖ ਦੀ ਪਹਿਚਾਣ
ਪੰਜਾਬੀ ਕਲਚਰ ਸੱਚਾ ਸੁਚਾ
ਦੁਨੀਆਂ ਦੇ ਵਿਚ ਨਾਮ ਹੈ ਉਚਾ।

ਮੈਂ ਨਹੀਂ ਰੋਕਦਾ ਸ਼ੋਅ ਕਰਵਾਓ
ਫੁਕਰੇ ਕਲਾਕਾਰ ਨਾ ਬਲਾਓ
ਕਹਿੰਦਾ ਸੁਭਾਨਪੁਰੀ ਸੁਣੋਂ ਮੇਰੇ ਯਾਰ
ਕਲਚਰ ਵਿਚ ਲਿਆਈਏ ਸੁਧਾਰ।

**-ਰਘਬੀਰ ਸਿੰਘ ਸੁਭਾਨਪੁਰ**
**ਨੰ. 917-701-4259**

## ਲਿਖਣੋ ਭੁੱਲ ਗਏ ਊੜੇ-ਆੜੇ

ਲਿਖਣੇ ਭੁੱਲ ਗਏ ਊੜੇ-ਆੜੇ,
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ
ਕੈਸੀ ਲਗ ਪਏ ਕਰਨ ਪੜ੍ਹਾਈ
ਮਾਂ ਬੋਲੀ ਨੂੰ ਜਾਣ ਭੁਲਾਈ
ਹਰ ਥਾਂ ਬਸ ਇਕ ਅੰਕਲ-ਆਂਟੀ,
ਕਹਿਣੋ ਭੱਲ ਗਏ ਮਾਮਾ, ਮਾਸੜ, ਚਾਚੀ, ਤਾਈ
ਨਾ ਕੋਈ ਸਤਿ ਸ੍ਰੀ ਅਕਾਲ ਬੁਲਾਉਂਦਾ,
ਸਭ ਕਰਦੇ ਹੈਲੋ-ਹਾਏ ਬਾਈ,
ਪੰਜਾਬੀ ਤਾਂ ਲਿਖਣੀ ਭੁੱਲਗੇ,
ਇੰਗਲਿਸ਼ ਸਿੱਖਣ ਦੇ ਭਰਦੇ ਭਾੜੇ,
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ,
ਲਿਖਣੇ ਭੁੱਲ ਗਏ ਊੜੇ-ਆੜੇ।
ਲੋਕੀ ਕਹਿੰਦੇ ਜੀ ਅਸੀਂ ਤਰੱਕੀ ਕਰਗੇ,
ਅਸੀਂ ਤਾਂ ਚੰਦ-ਸੂਰਜ 'ਤੇ ਚੜ੍ਹਗੇ,
ਨਾਂ ਬਸਤਿਆਂ ਵਿਚ ਪੰਜਾਬੀ ਕੈਦੇ,
ਬੱਚੇ ਸਾਡੇ ਅੰਗਰੇਜ਼ੀ ਪੜ੍ਹਦੇ,
ਜਿਉਂਦੀ ਮਾਂ-ਬੋਲੀ ਦੀ ਚਿਖਾ ਜਲਾ ਕੇ
ਸੌਂ ਰਹੇ ਨੇ ਸਭ ਮਾਰ ਘੁਰਾੜੇ
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ,
ਲਿਖਣੇ.......
ਸਭ ਤੋਂ ਸੋਹਣੀ ਸਭ ਤੋਂ ਮਿੱਠੀ
ਹੈ ਸਾਡੀ ਮਾਂ ਬੋਲੀ
ਜੋ ਹੁੰਦੀ ਸੀ ਕੱਲ ਪਟਰਾਣੀ
ਕਿਉਂ ਅੱਜ ਬਣਾਤੀ ਗੋਲੀ
ਜੋ ਰੋਲਣ ਆਪਣੀ ਹੀ ਮਾਂ ਨੂੰ
ਕੀ ਕਰਨੇ ਐਸੇ, ਧੀ-ਪੁੱਤ ਮਾੜੇ
ਦੇਖੋ ਬਾਈ ਅੱਜ ਕੱਲ੍ਹ ਦੇ...........
ਫ਼ਖ਼ਰ ਨਾਲ ਬੋਲੋ ਪੰਜਾਬੀ
ਇਦ੍ਹੇ ਵਿਚ ਨਾ ਕੋਈ ਖਰਾਬੀ
ਇਸ ਬੋਲੀ ਦੀ ਠਾਠ ਨਵਾਬੀ
ਆਉ ਸਿੱਖੀਏ ਪੈਂਤੀ ਲਿਖਣੀ
ਪੰਜਾਬੀ ਕੈਦੇ ਨਾ ਬਸਤਿਆਂ ਤੋਂ ਕੱਢੀਏ ਬਾਹਰੇ,
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ.........
ਵਧੇ ਫੁੱਲੇ ਮਾਂ ਬੋਲੀ ਸਾਡੀ,
ਕਹੇ 'ਰਾਜ', ਦੁਆ ਇਹ ਕਰੀਏ
ਦੁਆਵਾਂ ਨਾਲ ਵੀ ਨਹੀਂ ਕੁਝ ਬਣਨਾ,
ਮਾਂ ਬੋਲੀ ਲਈ ਖੁਦ ਕੁਝ ਕਰੀਏ
ਉੱਖੜ ਗਈ ਜੇ ਇਹ ਕੇਰਾਂ ਪੈਰੋਂ,
ਮੁੜ ਕੇ ਫਿਰ ਨਹੀਂ ਆਉਣੀ, ਉਸ ਤਾੜੇ,
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ,
ਲਿਖਣੋ ਭੁੱਲ ਗਏ ਊੜੇ-ਐੜੇ
ਦੇਖੋ ਬਈ ਅੱਜ-ਕੱਲ੍ਹ ਦੇ ਪਾੜ੍ਹੇ।

**ਰਾਜ ਕੌਰ ਭੁੱਲਰ**
**ਮੰਡੀ ਕਲਾਂ (ਬਠਿੰਡਾ)**

# ਦੁੱਧ ਨਾਲ ਸੰਭਵ ਹਨ ਕੁਝ ਇਲਾਜ



ਦੁੱਧ ਇਕ ਚੰਗਾ ਆਹਾਰ ਹੈ। ਬੱਚਾ ਤਾਂ ਪਹਿਲਾਂ-ਪਹਿਲ ਸਿਰਫ ਦੁੱਧ 'ਤੇ ਨਿਰਭਰ ਰਹਿੰਦਾ ਹੈ। ਹੌਲੀ-ਹੌਲੀ ਉਹ ਫਲਾਂ, ਫਲਾਂ ਦੇ ਰਸ ਅਤੇ ਤਰਲ ਖਾਧ ਪਦਾਰਥਾਂ 'ਤੇ ਲਾਇਆ ਜਾਂਦਾ ਹੈ। ਸਾਨੂੰ ਜ਼ਿੰਦਗੀ ਭਰ ਦੁੱਧ ਦੀ ਲੋੜ ਰਹਿੰਦੀ ਹੈ। ਕੇਵਲ ਪੌਸ਼ਟਿਕਤਾ ਅਤੇ ਚੰਗੇ ਵਾਧੇ ਲਈ ਹੀ ਨਹੀਂ, ਅਨੇਕ ਰੋਗਾਂ ਨੂੰ ਦੂਰ ਕਰਨ ਵਿਚ ਵੀ ਅਸੀਂ ਦੁੱਧ ਦਾ ਸਹਾਰਾ ਲੈਂਦੇ ਹਾਂ।

* ਜੇ ਮੂੰਹ ਵਿਚ ਕਿਸੇ ਵੀ ਕਾਰਨ ਕਰਕੇ, ਗਰਮੀ ਕਰਕੇ ਛਾਲੇ ਪੈ ਜਾਣ ਤਾਂ ਕੱਚੇ ਦੁੱਧ ਨਾਲ ਦਿਨ ਵਿਚ 3 ਵਾਰ ਚੰਗੀ ਤਰ੍ਹਾਂ ਗਰਾਰੇ ਕਰੋ।

* ਗਾਂ ਦਾ ਦੁੱਧ ਉਬਾਲ ਲਓ। ਜਦੋਂ ਉਹ ਕੋਸਾ ਹੋਵੇ ਤਾਂ ਹਿਚਕੀ ਵਿਚ ਇਕ-ਇਕ ਚਮਚ ਕਰਕੇ ਪਿਲਾਓ। ਹਿਚਕੀ ਠੀਕ ਹੋਵੇਗੀ।

* ਗਰਮੀ ਹੋਣ 'ਤੇ ਖੰਘ ਆਵੇ ਤਾਂ ਬੱਕਰੀ ਦਾ ਤਾਜ਼ਾ ਦੁੱਧ ਪੀਓ, ਆਰਾਮ ਮਿਲੇਗਾ।

* ਗਰਮ ਦੁੱਧ ਪੀਣ ਨਾਲ ਕਬਜ਼ ਨਹੀਂ ਰਹਿੰਦੀ। ਜੇ ਕਬਜ਼ ਬਹੁਤ ਪੁਰਾਣੀ ਅਤੇ ਕਠੋਰ ਹੋਵੇ ਤਾਂ ਬਦਾਮ ਰੋਗਨ ਦਾ ਇਕ ਚਮਚ ਪੀ ਕੇ ਦੁੱਧ ਪੀ ਲਓ।

* ਦਮੇ ਦੇ ਦੌਰਿਆਂ ਤੋਂ ਛੁਟਕਾਰਾ ਪਾਉਣ ਲਈ ਦੁੱਧ ਦਾ ਸਹਾਰਾ ਲਓ। ਮੁਨੱਕੇ ਦੇ ਦਸ ਦਾਣੇ ਲਓ, ਇਨ੍ਹਾਂ ਨੂੰ ਕੁੱਟ ਲਓ। ਕੁਚਲ ਲਓ। ਇਕ ਪਾਈਆ ਦੁੱਧ ਲਓ। ਇਸ ਵਿਚ ਏਨਾ ਹੀ ਪਾਣੀ ਪਾਓ। ਇਸ ਵਿਚ ਕੁਚਲੇ ਹੋਏ ਮੁਨੱਕੇ ਪਾਓ ਅਤੇ ਉਬਾਲੋ। ਜਦੋਂ ਪਾਣੀ-ਦੁੱਧ ਦੀ ਮਾਤਰਾ ਅੱਧੀ ਰਹਿ ਜਾਵੇ ਤਾਂ ਲਾਹ ਕੇ ਪੁਣ ਲਓ। ਅੱਧਾ ਤੋਲਾ ਬਦਾਮ ਰੋਗਨ, ਇਕ ਤੋਲਾ ਮਿਸ਼ਰੀ ਅਤੇ ਛੇ ਦਾਣੇ ਕਾਲੀ ਮਿਰਚ ਪੀਸੋ ਅਤੇ ਦੁੱਧ ਵਿਚ ਮਿਲਾਓ। ਇਸ ਨੂੰ ਪੀਣ ਨਾਲ ਰੋਗ ਸ਼ਾਂਤ ਹੋਵੇਗਾ। ਸਾਹ ਠੀਕ ਤਰ੍ਹਾਂ ਲੈ ਸਕੋਗੇ।

* ਅੱਖਾਂ ਦੇ ਅਨੇਕ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਕੱਚੇ ਦੁੱਧ ਨੂੰ ਰਿੜਕੋ। ਮੱਖਣ ਕੱਢੋ। ਹੁਣ ਇਸ ਨੂੰ ਅੱਖਾਂ ਵਿਚ ਪਾਉਣ ਨਾਲ ਬੜਾ ਸੁਖ ਮਿਲੇਗਾ। ਡ੍ਰਾਪਰ ਨਾਲ ਦੁੱਧ ਪਾ ਸਕਦੇ ਹੋ।

* ਯਾਦ ਸ਼ਕਤੀ ਵਧਾਉਣ ਲਈ ਗਾਂ ਦਾ ਦੁੱਧ ਪਿਲਾਓ, ਨਾਲ ਹੀ ਛੋਟੀ ਇਲਾਇਚੀ ਵੀ ਖਾਣ ਨੂੰ ਦਿਓ। ਬੱਚਿਆਂ ਦੀ ਯਾਦ ਸ਼ਕਤੀ ਤੇਜ਼ ਹੋ ਜਾਵੇਗੀ।

* ਕੰਨ ਵਿਚ ਫਿਨਸੀ ਹੋਣ 'ਤੇ ਗਾਂ ਦੇ ਦੁੱਧ ਦੀਆਂ ਬੂੰਦਾਂ ਪਾਓ। ਆਰਾਮ ਪਾਓਗੇ।

* ਜੇ ਕਿਸੇ ਨੂੰ ਮਿਹਦੇ ਦੀ ਤਕਲੀਫ ਹੋਵੇ, ਸੋਜ ਆ ਜਾਵੇ ਤਾਂ ਉਸ ਨੂੰ ਦੁੱਧ ਦੇ ਨਾਲ ਮਿਹਦੇ 'ਤੇ ਟਕੋਰ ਕਰਨੀ ਚਾਹੀਦੀ ਹੈ। ਉਸ ਨੂੰ ਦੋ ਦਿਨਾਂ ਲਈ ਕੋਈ ਵੀ ਖਾਧ ਪਦਾਰਥ ਨਾ ਖਾ ਕੇ ਸਿਰਫ ਤੇ ਸਿਰਫ ਦੁੱਧ ਪੀਣਾ ਚਾਹੀਦਾ ਹੈ।

* ਪੇਚਿਸ਼ ਦੇ ਰੋਗੀ ਨੂੰ ਦੋ-ਤਿੰਨ ਦਿਨ ਦੁੱਧ 'ਤੇ ਰੱਖੋ। ਜੇ ਭੇਡ ਦਾ ਦੁੱਧ ਮਿਲ ਜਾਵੇ ਤਾਂ ਇਕ ਦਿਨ ਵਿਚ ਹੀ ਆਰਾਮ ਆ ਜਾਵੇਗਾ।

* ਜੇ ਕੋਈ ਵਿਅਕਤੀ ਦਸਤਾਂ ਤੋਂ ਪ੍ਰੇਸ਼ਾਨ ਹੋਵੇ, ਆਰਾਮ ਨਾ ਆ ਰਿਹਾ ਹੋਵੇ ਤਾਂ ਉਸ ਲਈ ਇਕ ਲਿਟਰ ਦੁੱਧ ਉਬਾਲੋ, ਠੰਢਾ ਕਰੋ। ਹੁਣ ਲੋਹੇ ਦੀ ਇਕ ਛੜ ਜਿਹੀ ਲਓ। ਇਸ ਨੂੰ ਅੱਗ 'ਤੇ ਗਰਮ ਕਰਕੇ ਲਾਲ ਕਰੋ। ਚਿਮਟੇ ਆਦਿ ਦੀ ਮਦਦ ਨਾਲ ਇਸ ਨੂੰ ਦੁੱਧ ਵਿਚ ਪਾ ਕੇ ਠੰਢਾ ਕਰੋ। ਇਹ ਸੱਤ ਵਾਰ ਦੁਹਰਾਓ। ਹੁਣ ਮਿਸ਼ਰੀ-ਸ਼ੱਕਰ ਪਾ ਕੇ ਰੋਗੀ ਨੂੰ ਪਿਲਾਓ। ਪੂਰਾ ਆਰਾਮ ਮਿਲੇਗਾ।

* ਅਕਸਰ ਨਕਸੀਰ ਰਹਿੰਦੀ ਹੋਵੇ ਤਾਂ ਗਧੀ ਦਾ ਤਾਜ਼ਾ ਦੁੱਧ ਲਓ। ਸਿਰ ਵਿਚ ਇਸ ਦੁੱਧ ਨਾਲ ਮਾਲਿਸ਼ ਕਰੋ। ਸਿਰ ਅੱਧਾ ਘੰਟਾ ਭਿੱਜਿਆ ਹੀ ਰਹੇ। ਪੁਰਾਣੇ ਤੋਂ ਪੁਰਾਣਾ ਨੁਕਸ ਠੀਕ ਹੋ ਜਾਵੇਗਾ। ਇਹ ਇਕ ਸ਼ਰਤੀਆ ਇਲਾਜ ਹੈ।

# Hockey Wizard



Dhyan Chand whose earlier name wasDhyan Singh was such a hockey player who played Hockey in the day light as well as also practiced in night with the moon light. Since he played in moon light, so he was called by name as Dhyan Chand. In the year 1936 Olympics world cup final India V/s Germany where was a gathering of around 25000 people, India won the match 16 to 1. out of 16 goals, 15 goals were scored alone by Dhyan Chand. World's Dictator Hitler was also present in the match who stood over, came in the play ground and said,"Break out the hockey of Dhyan Chand as there must be a magnet in it due to which he scored so many goals". But to the surprise, nothing was found there.

Same day in the night, Hitler called Dhyan Chand to his residence and asked him what else you do aside to playing Hockey. Dhyan Chand replied "My name is Dhyan Chand and I serve in army". Hitler said, "what your country has given you, you wear only a small rank as on date. You come to Germany and play for our Country and I shall give you a rank of air field marshal. Since there was a question of country's reputation, Dhyan Chand replied,"This is not the duty of my country to take me forward, it is my duty to take my country forward. I will play only for my country.

**Er. Hardial Singh Ghotra**
**Finance Secretary of**
**BMSL Foundation**




Dhyan Chand was born on 29th August 1905 at Allahabad(UP) and was continued to play hockey up to the age of 42 year and retired from the game in 1948. He was awarded with 3 gold medals and honored with PADAM BHUSHAN awarded by the Government of India in 1956.

The last days of legendDhyan Chand were notso happy as he was in short of money and badly ignored by the nation. He developed lever cancer and was senttothe general ward of all India Institute of Medical Science (AIIMS)New Delhi for the treatment where he breathed his last on 3rd December 1979.



# MATRIMONIAL



Suitable match for lobanasikh boy Australian Citizen, D.O.B-18 /12/1988/6’1”, Bachelor of Account from Sydney (Australia), Job-Manager in reputed Company Sydney, Father-Retd. Govt Engineer, Mother Expired Retd. Govt. Headmistress,Brother Married New Zealand P.R, Sister-Married Australian Citizen. Father in Shri Guru Granth Sahib only. Cont no-9896155616

* * * * *

Suitable match for Lobana Boy D.O.B. 2-7-92. 6’ doing M.D.S. (IIyr) oral & Maxillofacial surgery in Govt. Dental College, Father Doctor own Hospital. Mother Retd. Nursing Sister in Health Deptt. Elder Brother M.S. M.Ch. (Neuro Surgery). Sister M.B.B.S., M.S. (Obs & Gynae) married with M.S. M.Ch. (urology) Asst. Prof. Medical College) Family Having Rural & Urban property. Contact : 84273-72800, 98146-58701

* * * * *

Suitable match for Lobana girl, born August 1986, Height 5'6”, 10+2, ITI (3 years), Fair Color, Working in private sector in Mohali, Widow (No Child), Required boy working in Govt./Private/ Business family.

Contact: - 97800-93687, 0172-2264384

* * * * *

Suitable match for Lobana Sikh girl January born January 1991, Height 5'3”, B.Tec. CSF Deemed University Murthal MBA IIT Delhi Working as Sr. Manager in Amazone. Cont-94161-94525

* * * * *

Beautiful qualified match for Lubana Sikh boy 5’7”, 8/90 born.Mech Engg ,MBA GND university, UGC qualified,pursuing PhD Punjabi University, working Assistant Professor. Contact no 9646116016

* * * * *

Suitable Professionally qualified tall, salim match for Lubana Sikh Turbaned boy, 5’ 10”, Oct 1988 born, B Tech (MET) from Canada's leading University & Permanent Resident. Working in profession and belongs to well educated family. Seeking B Tech/M Tech, MCA, Msc (IT/CS) girl from similar family and background. Contact 8360616696, 8054957495

* * * * *

Suitable match for lobana Sikh boy age 25years height 5'10", B.tech salary 20-24 lac p.a Required beautiful lobana girl, height 5'3" well educated . Contact no:- 9466822688

* * * * *

Wanted suitable doctor match for Lobana Doctor boy MS (Ortho.) from D Y Patil College & Hospital. Working at Delhi. Born on 03.04.1988 Hieght 6.1ft. Elder brother and sister married and settled in USA. Father retired Xen and mother retired Govt teacher. Family having urban and rural property. Contact : 9815815032.

* * * * *

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 6-01-2018 ਤੋਂ 20-01-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ | 1000/- | ਐਚ-9874 | 03-02-2018 |
| 2. | ਕਰਨਲ ਟੀ.ਬੀ.ਐਸ. ਬੇਦੀ<br>ਮਕਾਨ ਨੰ-1630, ਫੇਸ-9, ਮੋਹਾਲੀ | 500/- | ਐਚ-9875 | 10-02-2018 |
| 3. | ਪੰਡਿਤ ਰਾਮਕੁਮਾਰ<br>ਕੰਟੀਨ-ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ | 500/- | ਐਚ-9876 | 12-02-2018 |
| 4. | ਸ. ਰਵਿੰਦਰਸਿੰਘ, ਸੈਕਰੇਟਰੀ ਬਾਬਾ ਮੱਖਣ<br>ਸ਼ਾਹ ਲੁਬਾਣਾ ਭਵਨ ਚੰਡੀਗੜ੍ਹ<br>ਮਕਾਨ ਨੰ-2092, ਸੈਕਟਰ-45 ਸੀ, ਚੰਡੀਗੜ੍ਹ | 200/- | ਐਚ-9877 | 12-02-2018 |
| 5. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ<br>ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ<br>ਮਕਾਨ ਨੰ-2218, ਸੈਕਟਰ-38-ਸੀ, ਚੰਡੀਗੜ੍ਹ | 1100/- | ਐਚ-9878 | 12-02-2018 |
| 6. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 200/- | ਐਚ-9879 | 12-02-2018 |
| 7. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ<br>ਫਾਊਂਡੇਸ਼ਨ ਚੰਡੀਗੜ੍ਹ, # 541, ਫੇਸ-3 1, ਮੋਹਾਲੀ | 500/- | ਐਚ-9880 | 12-02-2018 |
| 8. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ<br>ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | 500/- | ਐਚ-9451 | 12-02-2018 |

| | | | | |
|---|---|---|---|---|
| 9. | ਸ. ਰਾਜਵਿੰਦਰਪਾਲ ਸਿੰਘ<br>ਮਕਾਨ ਨੰ-3134, ਸੈਕਟਰ-38-ਏ, ਚੰਡੀਗੜ੍ਹ | 200/- | ਐਚ-9452 | 12-02-2018 |
| 10. | ਕਰਨਲ ਟੀ.ਬੀ.ਐਸ. ਬੇਦੀ<br>ਮਕਾਨ ਨੰ-1630, ਫੇਸ-9, ਮੋਹਾਲੀ | 500/- | ਐਚ-9853 | 12-02-2018 |
| 11. | ਸ. ਪ੍ਰੀਤਮ ਸਿੰਘ<br>ਮਕਾਨ ਨੰ-2827, ਸੈਕਟਰ-38 ਸੀ, ਚੰਡੀਗੜ੍ਹ | 100/- | ਐਚ-9454 | 12-02-2018 |
| 12. | ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.)<br>ਮਕਾਨ ਨੰ-Y-204, ਫਲੇਮਵਿਊ,<br>ਸੈਕਟਰ-66-ਏ, ਮੋਹਾਲੀ | 500/- | ਐਚ-9455 | 12-02-2018 |
| 13. | ਕਰਨਲ ਜੇ.ਐਸ. ਮੁਲਤਾਨੀ<br>ਮਕਾਨ ਨੰ-114, ਸੈਕਟਰ-33-ਏ, ਚੰਡੀਗੜ੍ਹ | 500/- | ਐਚ-9457 | 12-02-2018 |
| 14. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ-1005, ਸੈਕਟਰ-71, ਮੋਹਾਲੀ | 500/- | ਐਚ-9458 | 12-02-2018 |
| 15. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48-ਏ, ਚੰਡੀਗੜ੍ਹ | 200/- | ਐਚ-9460 | 12-02-2018 |
| 16. | ਸ. ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-416, ਸੈਕਟਰ-45-ਏ, ਚੰਡੀਗੜ੍ਹ | 100/- | ਐਚ-9461 | 12-02-2018 |
| 17. | ਸ. ਐਨ.ਪੀ. ਸਿੰਘ<br>ਮਕਾਨ ਨੰ-2249, ਸਟਾਰ ਇੰਨਕਲੇਵ<br>ਸੈਕਟਰ-48-ਸੀ, ਚੰਡੀਗੜ੍ਹ | 300/- | ਐਚ-9462 | 12-02-2018 |
| 18. | ਸ. ਜਗਜੀਤ ਸਿੰਘ ਮੁਲਤਾਨੀ<br>ਪਿੰਡ ਅਤੇ ਡਾਕਖਾਨਾ ਸਰਾਵਾਂ<br>ਜ਼ਿਲ੍ਹਾ-ਜਮੁਨਾਨਗਰ, (ਹਰਿਆਣਾ) | 200/- | ਐਚ-9463 | 12-02-2018 |
| 19. | ਸ. ਜੁਗਰਾਜ ਸਿੰਘ ਗਿਲ<br>ਮਕਾਨ ਨੰ-43, ਸੈਕਟਰ-5, ਚੰਡੀਗੜ੍ਹ | 500/- | ਐਚ-9464 | 12-02-2018 |
| 20. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3-ਬੀ-1, ਮੋਹਾਲੀ | 500/- | ਐਚ-9465 | 12-02-2018 |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ









ਫਾਊਂਡੇਸ਼ਨ ਵੱਲੋਂ ਉਪਰੋਕਤ ਚਲਾਈ ਜਾ ਰਹੀ ਵੈਨ ਦੇ ਪ੍ਰਬੰਧ ਨੂੰ ਚਲਾਉਣ ਲਈ ਬਣਾਈ ਕਮੇਟੀ ਜਿਸ ਵਿਚ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਤਪਾਲ ਸਿੰਘ ਮੁਲਤਾਨੀ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸ. ਪਰਮਿੰਦਰਜੀਤ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਅਤੇ ਪ੍ਰਿੰ. ਟਹਿਲ ਸਿੰਘ। ਵੈਨ ਵੱਲੋਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਸ਼ਹਿਰ ਅਤੇ ਪਿੰਡਾਂ ਵਿਚ ਅਲੱਗ-ਅਲੱਗ ਥਾਵਾਂ 'ਤੇ ਕੈਂਪ ਲਗਾਏ ਗਏ ਜਿਸ ਵਿਚ ਲਗਭਗ 150 ਮਰੀਜ਼ਾਂ ਦੇ ਖ਼ੂਨ ਦੇ ਟੈਸਟ ਕੀਤੇ ਗਏ। ਫੋਟੋ - ਜੋਗਿੰਦਰ ਸਿੰਘ ਅਜੈਬ



ਸ. ਰਘਬੀਰ ਸਿੰਘ ਸੁਭਾਨਪੁਰ ਜੀ ਨੂੰ ਆਪਣੇ ਗ੍ਰਹਿ ਵਿਖੇ ਸਨਮਾਨਿਤ ਕਰਦੇ ਹੋਏ ਕੌਂਸਲਰ ਸ. ਜਸਵਿੰਦਰ ਸਿੰਘ ਬਿੱਲਾ, ਸ. ਪ੍ਰੀਤਮ ਸਿੰਘ ਨਾਰੰਗਪੁਰ, ਸ. ਪਰਮਿੰਦਰਜੀਤ ਸਿੰਘ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਜੋਗਿੰਦਰ ਸਿੰਘ ਅਜੈਬ ਅਤੇ ਸ. ਅਵਤਾਰ ਸਿੰਘ ਡੀ.ਐਸ.ਪੀ.



ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਨੇ ਪਹੇਵਾ ਅਤੇ ਕੌਂਸਲ ਦੇ ਪਤਵੰਤੇ ਸੱਜਣਾਂ ਦੀ ਹੋਟਲ ਸਮਰਾਟ ਵਿਚ ਬੁਲਾਈ ਮੀਟਿੰਗ ਵਿਚ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ, ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ ਅਤੇ ਸ. ਹਰਭਜਨ ਸਿੰਘ ਸਮਾਣਾ ਮੈਂਬਰ ਐਸ.ਜੀ.ਪੀ.ਸੀ. ਨੂੰ ਸਨਮਾਨਿਤ ਕਰਦਿਆਂ ਹੋਇਆਂ



ਸੰਤ ਪ੍ਰੇਮ ਸਿੰਘ ਕਰਮਸਰ ਖ਼ਾਲਸਾ ਕਾਲਜ ਬੇਗੋਵਾਲ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵੱਲੋਂ ਖੋਲ੍ਹੇ ਗਏ ਫ੍ਰੀ ਕੋਚਿੰਗ ਸੈਂਟਰ ਦੇ ਨਵੇਂ ਚੁਣੇ ਕਨਵੀਨਰ ਸ. ਜੋਗਿੰਦਰ ਸਿੰਘ ਅਜੈਬ ਅਤੇ ਫਾਉਂਡੇਸ਼ਨ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਅਤੇ ਸਮੂਹ ਕਮੇਟੀ ਮੈਂਬਰਾਨ



46ਵੇਂ ਚੰਡੀਗੜ੍ਹ ਰੋਜ਼ ਫੈਸਟੀਵਲ ਦੇ ਮੌਕੇ ਤੇ ਸ. ਬਲਵਿੰਦਰ ਸਿੰਘ ਮੁਲਤਾਨੀ ਵਾਇਸ ਪ੍ਰਧਾਨ ਅਤੇ ਸ. ਰਵਿੰਦਰ ਸਿੰਘ ਸੈਕਟਰੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ ਵੱਲੋਂ (Best Bhawan & Religious Place) ਦਾ ਅਵਾਰਡ 25-02-2018 ਨੂੰ ਲੈ ਕੇ ਭਵਨ ਪਹੁੰਚੇ